# ਪਾਣੀ ਹੋਏ ਵਿਚਾਰ

- ਕਵਿਤਾਵਾਂ -

**ਲਖਵਿੰਦਰ ਜੌਹਲ**

## ਲੇਖਕ ਦੀਆਂ ਹੋਰ ਰਚਨਾਵਾਂ

ਬਹੁਤ ਦੇਰ ਹੋਈ (ਕਵਿਤਾਵਾਂ) – 1990.
ਮਨੋਵੇਗ (ਕਵਿਤਾਵਾਂ) – 2000.
ਸਾਹਾਂ ਦੀ ਸਰਗਰਮ (ਕਵਿਤਾਵਾਂ) – 2003.
ਇਕ ਸੁਪਨਾ ਇਕ ਸੰਵਾਦ – (ਲੰਮੀ ਕਵਿਤਾ) – 2006.
ਇਕ ਸੁਪਨਾ ਇਕ ਸੰਵਾਦ (ਹਿੰਦੀ) – 2008.
ਬਲੈਕ ਹੋਲ (ਲੰਮੀ ਕਵਿਤਾ) – 2009.
ਬਲੈਕ ਹੋਲ (ਅੰਗਰੇਜ਼ੀ) – 2014.
ਅਣਲਿਖੇ ਵਰਕੇ (ਕਾਵਿ ਨਿਬੰਧ) – 2012.
ਸ਼ਬਦਾਂ ਦੀ ਸੰਸਦ (ਕਵਿਤਾਵਾਂ) – 2014.
ਬਹਿਸ ਤੋਂ ਬੇਖ਼ਬਰ (ਕਵਿਤਾਵਾਂ) – 2017.
ਲਹੂ ਦੇ ਲਫ਼ਜ਼ – ਚੋਣਵੀਂ ਕਵਿਤਾ – 2019.
ਅੱਥਰੂ ਦੀ ਆਤਮ–ਕਥਾ (ਲੰਮੀ ਕਵਿਤਾ) – 2021.
ਬਰਤਾਨਵੀ ਕਵਿਤਾ ਦੇ ਪਛਾਣ ਚਿੰਨ੍ਹ – (ਸਮੀਖਿਆ) – 2002.
ਸਮਤਾ ਦੇ ਸਮਰਥਕ ਡਾ. ਅੰਬੇਦਕਰ (NBT ਲਈ ਅਨੁਵਾਦ) – 2003.
ਕਾਲੇ ਪਾਣੀ ਦਾ ਇਤਿਹਾਸਕ ਦਸਤਾਵੇਜ਼ (NBT ਲਈ ਅਨੁਵਾਦ) – 2004.
ਕੱਫ਼ਣ (ਮੁਣਸ਼ੀ ਪ੍ਰੇਮ ਚੰਦ) (NBT ਲਈ ਅਨੁਵਾਦ) – 2004.
ਕਲਪਨਾ ਚਾਵਲਾ (ਸੂਚਨਾ ਤੇ ਪ੍ਰਸਾਰਨ ਮੰਤਰਾਲੇ ਲਈ ਅਨੁਵਾਦ) – 2006.
ਮੇਰੀ ਫੁਟਵਾਲ (NBT ਲਈ ਅਨੁਵਾਦ) – 2019.

# ਪਾਣੀ ਹੋਏ ਵਿਚਾਰ

- ਕਵਿਤਾਵਾਂ -

**ਲਖਵਿੰਦਰ ਜੌਹਲ**

**ਆਪਣੀ ਆਵਾਜ਼ ਪਬਲੀਕੇਸ਼ਨਜ਼, ਜਲੰਧਰ**

**Pani Hoye Vichar**
Poems by
**Dr. Lakhvinder Singh Johal**

**© Author**

**Resi. :** 20 Professor Colony,
Near Wadala Chowk,
Jalandhar-144003.
Mobile : 94171-94812, 94171-94444
e-mail : lakhvinderjohal@yahoo.com
Website : lakhvinderjohal.com

First Edition – 2022.

Type Setting – Harish Kumar Aggarwal

***Published by :***
**Apnee Awaaz Publications**
Jalandhar
email : apneeawaaz@gmail.com
Website : www.apneeawaaz.com

***Office :***
693-Guru Teg Bhadur Nagar,
Jalandhar-144003.
Phone : 98725-49506

# ਸਮਰਪਣ

ਵੱਡੇ ਵੀਰ ਸੁਰਿੰਦਰ ਸਿੰਘ ਸੁੱਨੜ ਲਈ,
ਜਿਸ ਨੇ ਮੈਨੂੰ ਜ਼ਿੰਦਗੀ ਦੇ
ਨਵੇਂ ਦਿਸਹੱਦੇ ਦਿਖਾਏ

# ਕੁੱਝ ਆਪਣੇ ਵੱਲੋਂ

ਪਿਛਲੇ ਲਗਪਗ ਦੋ ਸਾਲਾਂ ਦਾ ਸਮਾਂ ਮਨੁੱਖਤਾ ਦੇ ਇਤਿਹਾਸ ਦਾ ਉਹ ਸਮਾਂ ਹੈ, ਜਦੋਂ ਕੋਰੋਨਾ ਵਾਇਰਸ ਦੀ ਦਹਿਸ਼ਤ ਨੇ ਸਦੀਆਂ ਤੋਂ ਚੱਲੇ ਆ ਰਹੇ ਮਾਨਵੀ ਵਿਸ਼ਵਾਸਾਂ, ਸੋਚਣ ਦੇ ਢੰਗਾਂ ਅਤੇ ਕਦਰਾਂ-ਕੀਮਤਾਂ ਨੂੰ ਬਦਲ ਕੇ ਰੱਖ ਦਿੱਤਾ ਹੈ। ਮਹਾਮਾਰੀ ਦਾ ਇਹ ਮੌਸਮ ਸਮਾਜ-ਦਰਸ਼ਨ ਨੂੰ ਨਵੇਂ ਸਿਰ ਤੋਂ ਨਿਹਾਰਨ ਅਤੇ ਵਿਚਾਰਨ ਦਾ ਮੌਸਮ ਸੀ। ਪੂੰਜੀ ਪਰਚਲਣ ਦੀਆਂ ਸਾਰੀਆਂ ਲੱਭਤਾਂ ਸਮਾਜਕ ਵਿਕਾਸ ਦੇ ਕੁਦਰਤੀ ਮਾਡਲਾਂ ਅੱਗੇ ਹੇਚ ਦਿਸਣ ਲੱਗੀਆਂ।

ਪ੍ਰਗਤੀ ਦੇ ਨਵੇਂ ਮਾਡਲਾਂ ਨੂੰ ਕੁਦਰਤ-ਪੱਖੀ ਪਹੁੰਚ ਅਨੁਸਾਰ ਵੇਖਣ ਦਾ ਨਵਾਂ ਅਧਿਆਏ ਸ਼ੁਰੂ ਹੋਇਆ। ਕੋਰੋਨਾ ਕਾਲ ਅਤੇ ਕਿਸਾਨ ਅੰਦੋਲਨ ਨਾਲ ਨਿਰਸੰਦੇਹ ਕੋਮਲ ਕਲਾਵਾਂ ਅਤੇ ਸਾਹਿਤ ਸਿਰਜਨਾਵਾਂ ਦੀ ਪ੍ਰਕਿਰਤੀ ਨੂੰ ਵੀ ਨਵਾਂ ਅੰਦਾਜ਼ ਮਿਲਿਆ। ਨਜ਼ਰ ਬਦਲੀ, ਨਜ਼ਾਰੇ ਬਦਲੇ, ਵਿਚਾਰ ਬਦਲੇ, ਮਾਪਦੰਡ ਬਦਲੇ... ਪਰ ਭਵਿੱਖ ਉੱਤੇ ਇਸ ਦਾ ਕਿਹੋ ਜਿਹਾ ਅਸਰ ਪਵੇਗਾ? ਇਸ ਦਾ ਕੋਈ ਦਾਅਵਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਸੱਤਾ ਦੀ ਫ਼ਿਤਰਤ ਅਤੇ ਰਾਜਸ਼ਾਹੀ ਦੀ ਖ਼ਸਲਤ ਸੌਖਿਆਂ ਨਹੀਂ ਬਦਲਦੀ।

ਸਾਹਮਣੇ ਦਿਸਦੀ ਮੌਤ ਦੇ ਮੌਸਮ ਵਿਚ ਵੀ ਰਾਜਨੀਤੀ ਦੇ ਦਮਗਜੇ ਬਾਦਸਤੂਰ ਜਾਰੀ ਰਹੇ ਹਨ। ਕੁਦਰਤ ਦੇ ਕਹਿਰਾਂ ਅਤੇ ਸੱਤਾ ਦੇ ਸਿਤਮਾਂ ਦੇ ਕਾਵਿ-ਰੂਪਾਂਤਰਣ ਇਸ ਦੌਰ ਦਾ ਨਿਵੇਕਲਾ ਹਾਸਿਲ ਹਨ।

ਮੇਰੀ ਕਾਵਿਕ ਅੱਖ ਨੇ ਆਪਣੇ ਆਲੇ-ਦੁਆਲੇ ਜੋ ਕੁੱਝ ਵੇਖਿਆ, ਉਸ ਨੂੰ ਆਤਮਸਾਤ ਕਰਕੇ, ਆਪਣੇ ਸਾਹਾਂ ਵਿਚ ਸਮੋ ਕੇ, ਸਿਰਜਣਾ ਦੀ ਸਰਗਮ ਵਿਚ ਢਾਲਣ ਅਤੇ ਹੁਣ ਇਸ ਸਰਗਮ ਨੂੰ ਸ਼ਬਦਾਂ ਰਾਹੀਂ ਕਾਗਜ਼ ਉੱਤੇ ਉਤਾਰ ਕੇ ਤੁਹਾਡੇ ਸਨਮੁੱਖ ਕਰਨ ਦਾ ਯਤਨ ਕੀਤਾ ਹੈ। 'ਪਾਣੀ ਹੋਏ ਵਿਚਾਰ' ਇਨ੍ਹਾਂ ਕਹਿਰਾਂ ਅਤੇ ਸਿਤਮਾਂ ਦੀ ਕਹਾਣੀ ਹੈ। ਇਹ ਕਹਾਣੀ ਕਵਿਤਾ ਵਿਚ ਢਲ ਕੇ ਕਾਵਿ-ਰਸੀਆਂ ਤੱਕ ਕਿਸ ਤਰ੍ਹਾਂ ਪਹੁੰਚੇਗੀ, ਇਸ ਦਾ ਮੈਨੂੰ ਗਿਆਨ ਨਹੀਂ ਹੈ।

**-ਲਖਵਿੰਦਰ ਜੌਹਲ**

## ਮੇਰੀ ਭਾਸ਼ਾ

ਮੇਰੀ ਭਾਸ਼ਾ
ਮੇਰੇ ਨਾਲ ਹੀ ਰੁੱਸ ਰਹੀ ਹੈ
ਮੈਨੂੰ ਮੇਰੀ
ਖ਼ਸਲਤ ਬਾਰੇ ਪੁੱਛ ਰਹੀ ਹੈ

ਮੈਂ ਹਾਂ
ਵੇਦ ਪੌਰਾਣਾਂ ਜਾਇਆ
ਸਿੰਧੂ ਘਾਟੀ ਹੋ ਕੇ ਆਇਆ

ਮੈਂ ਅਗਨੀ-ਪਾਣੀ ਦੇ ਸਾਹਵੇ
ਮੱਥੇ ਰਗੜੇ ਕੱਢੇ ਹਾਵੇ
ਮੈਂ ਪੌਣਾਂ ਦੇ ਕੰਧੇ ਚੜ੍ਹ ਕੇ
ਜੋ ਸੀ ਵੱਖਰੀ ਸ਼ਾਨ ਬਣਾਈ
ਹੌਲੀ ਹੌਲੀ ਖੁੱਸ ਰਹੀ ਹੈ
ਮੇਰੀ ਭਾਸ਼ਾ... ... ...

ਮੈਂ ਵਿਚ ਬੁੱਲਾ
ਮੈਂ ਵਿਚ ਰਾਂਝਾ
ਮੈਂ ਆਪਣੀ ਖ਼ੁਸ਼ਬੂ ਤੋਂ ਵਾਂਝਾ

ਜੋਗੀ–ਨਾਥਾਂ ਪੀਰ–ਫ਼ਕੀਰਾਂ
ਮੱਥੇ ਖੁਣੀਆਂ ਆਪ ਲਕੀਰਾਂ
ਮੈਂ ਗੁਰੂਆਂ ਤੋਂ ਗੁੜ੍ਹਤੀ ਲੈ ਕੇ
ਉਲਟੀ ਵਗਦੀ 'ਵਾ ਨਾਲ ਖਹਿ ਕੇ
ਦੂਰ ਦੂਰ ਅਸਮਾਨਾਂ ਤੀਕਰ
ਜੋ ਸਤਰੰਗੀ ਪੀਂਘ ਚੜ੍ਹਾਈ
ਹੌਲੀ ਹੌਲੀ ਟੁੱਟ ਰਹੀ ਹੈ
ਮੇਰੀ ਭਾਸ਼ਾ... ... ...।

ਮੇਰੀ ਮੜਕ ਨੂੰ ਮੇਟਣ ਵਾਲੇ
ਜਿੰਨੇ ਹੋਏ ਘਾਲੇ ਮਾਲੇ
ਮੈਂ ਸਭ ਵੇਖੇ ਕੋਲ ਖਲੋ ਕੇ
ਬੇਬੱਸੀ ਦੇ ਅੱਥਰੂ ਰੋ ਕੇ
ਅੰਦਰ–ਬਾਹਰ ਦੇ ਦੋਖੀ ਨੂੰ
ਸਮਝਣ ਪਰਖਣ ਵਾਲੀ ਸੋਝੀ
ਹੌਲੀ ਹੌਲੀ ਮੁੱਕ ਰਹੀ ਹੈ–
ਮੇਰੀ ਭਾਸ਼ਾ... ... ...

●●

# ਪਾਣੀ ਹੋਏ ਵਿਚਾਰ

ਰਿਸ਼ਤੇ-ਨਾਤੇ ਮਿੱਟੀ ਹੋ ਗਏ
ਪਾਣੀ ਹੋਏ ਵਿਚਾਰ
ਸਾਰੀ ਮਿਸ਼ਰੀ ਮਿਰਚਾਂ ਹੋ ਗਈ
ਕਿੱਤ ਕਰੀਏ ਇਤਬਾਰ

ਸੋਚਾਂ ਸੀਤ ਸਮੁੰਦਰ ਹੋਈਆਂ
ਅੱਖਾਂ ਅੱਗ ਦੇ ਅੱਥਰੂ ਰੋਈਆਂ
ਤੁਰੇ ਕਾਫ਼ਲੇ ਕੋਹਾਂ ਤੀਕਰ
ਪਰ ਨਾ ਮੁੱਕੀਆਂ ਵਾਟਾਂ
ਨਫ਼ਰਤ, ਜ਼ਹਿਰ, ਕੁੜੱਤਣ, ਹਉਮੈ
ਡੰਗਣ ਵਾ-ਰਮ-ਵਾਰ
ਸਾਰੀ ਮਿਸ਼ਰੀ ਮਿਰਚਾਂ ਹੋ ਗਈ
ਪਾਣੀ ਹੋਏ ਵਿਚਾਰ

ਰੋਟੀ ਦੇ ਰਾਹਾਂ ਵਿਚ ਗੁੰਮੇ
ਸੁਪਨੇ ਮੁੜ ਨਾ ਲੱਭੇ
ਮੁੜ ਮੁੜ ਉੱਠੇ ਚਾਅ ਨੱਚਣ ਦੇ
ਮੁੜ ਮੁੜ ਦਿਲ ਵਿਚ ਦੱਬੇ
ਕੀ ਖੋਇਆ ਕੀ ਪਾਇਆ ਏਥੋਂ

ਸਭ ਸੋਚਾਂ ਬੇਕਾਰ
ਸਾਰੀ ਮਿਸ਼ਰੀ ਮਿਰਚਾਂ ਹੋ ਗਈ
ਪਾਣੀ ਹੋਏ ਵਿਚਾਰ

ਅੱਖਾਂ ਵਿਚ ਸਮੁੰਦਰ ਬਲਦਾ
ਮਰਘਟ ਵਰਗਾ ਮੰਜ਼ਰ
ਕਿਤੇ ਕਿਤੇ ਆਸਾਂ ਦਾ ਜੁਗਨੂੰ
ਦੇਵੇ ਦਰਸ-ਦੀਦਾਰ
ਕਿਸ਼ਤੀ ਆਪ ਕਿਨਾਰਾ ਹੋਵੇ
ਜਦ ਖੁੱਲ੍ਹਣ ਪਤਵਾਰ
ਸਾਰੀ ਮਿਸ਼ਰੀ ਮਿਰਚਾਂ ਹੋ ਗਈ
ਪਾਣੀ ਹੋਏ ਵਿਚਾਰ

ਨੋਚ ਨੋਚ ਕੇ ਨਜ਼ਰਾਂ ਨਿਸ ਦਿਨ
ਚਸ਼ਮੇ ਵੰਡਣ ਦਾਨੀ
ਕਿਸਮਤ ਦੀ ਕੈਨਵਸ ’ਤੇ ਲਿਖ ਗਈ
ਜੋ ਕਾਦਿਰ ਦੀ ਕਾਨੀ
ਮੁੜ੍ਹਕੇ ਵਿਚ ਡਬੋ ਕੇ ਕਲਮਾਂ
ਖ਼ੁਦ ਲਿਖੀਏ ਇਕ ਵਾਰ...
ਸਾਰੀ ਮਿਸ਼ਰੀ ਮਿਰਚਾਂ ਹੋ ਗਈ
ਕਿਤ ਕਰੀਏ ਇਤਬਾਰ
ਰਿਸ਼ਤੇ-ਨਾਤੇ ਮਿੱਟੀ ਹੋ ਗਏ
ਪਾਣੀ ਹੋਏ ਵਿਚਾਰ।

●●

## ਮੋਹ ਮੁਹੱਬਤ

ਮੋਹ ਮੁਹੱਬਤ ਤੇ ਮੁਸਕਾਨਾਂ ਹਰਦਮ ਵੰਡਦੇ ਰਹੀਏ।
ਚਾਨਣ ਦੇ ਵਣਜਾਰੇ ਬਣਕੇ, ਨਾਲ ਜਬਰ ਦੇ ਖਹੀਏ।

ਚਿਬਖੜੱਬੀ ਦੁਨੀਆ ਸਾਰੀ, ਚਿਬਖੱੜਬੀਆਂ ਰੀਤਾਂ,
ਚਿਬਖੜੱਬੀਆਂ ਰੀਤਾਂ ਤਾਈਂ, ਸਿੱਧੇ ਨਿਭਦੇ ਰਹੀਏ।

ਗੁਰੂਆਂ ਪੀਰਾਂ ਨੇ ਜੋ ਲਿਖਿਆ, ਆਪਾਂ ਇਕ ਨਾ ਮੰਨੀ,
ਰੋਜ਼ ਦਿਖਾਵੇ ਖ਼ਾਤਰ ਭਾਵੇਂ, ਬਾਣੀ ਪੜ੍ਹਦੇ ਰਹੀਏ।

ਕੋਲੇ ਦੀ ਇਸ ਮੰਡੀ ਵਿਚੋਂ, ਕਾਲਖ ਪੈਣੀ ਪੱਲੇ,
ਸਾਂਭ ਜ਼ਮੀਰਾਂ ਆਪਣੀਆਂ ਹੁਣ ਆਪਣੇ ਰਸਤੇ ਪਈਏ।

ਉਲਝੀ ਫੇਰ ਸਿਆਸਤ ਸਾਰੀ, ਉਲਝੇ ਤਾਣੇ ਬਾਣੇ,
ਮੰਜ਼ਿਲ ਉੱਤੇ ਰੱਥ ਪਹੁੰਚਣੋਂ, ਪਹਿਲਾਂ ਟੁੱਟੇ ਪਹੀਏ।

ਕਾਲ ਕੋਠੜੀ ਵਰਗਾ ਲਗਦਾ, ਹਰ ਵਿਹੜਾ ਹਰ ਮੰਜ਼ਰ,
ਸਮਝ ਨਾ ਆਵੇ ਕਿੰਨੇ ਚਿਰ ਤੱਕ ਹੋਰ ਤਸੀਹੇ ਸਹੀਏ।

ਤੰਤਰ-ਮੰਤਰ, ਧਰਮ-ਧਨੰਤਰ ਭੀੜਾਂ ਚਾਰ ਚੁਫ਼ੇਰੇ,
ਸ਼ਾਮ-ਸਵੇਰੇ ਹੋਣੀ ਆਪਣੀ ਚੇਤੇ ਕਰਦੇ ਰਹੀਏ।

••

## ਕੱਟੀਆਂ ਜੀਭਾਂ

ਕਿੰਨੀ ਵਾਰੀ ਹਿਜਰਤ ਕਰ ਕਰ ਵੇਖੋਗੇ?
ਕਿੰਨੀ ਵਾਰੀ ਅਜ਼ਮਤ ਆਪਣੀ ਵੇਚੋਗੇ?

ਨੀਵੀਂ ਪਾ ਪਾ ਮੰਨਦੇ ਹੋ ਫ਼ੁਰਮਾਨਾਂ ਨੂੰ,
ਅੰਬਰ ਪੁੱਛੇ, ਉੱਪਰ ਨੂੰ ਕਦ ਵੇਖੋਗੇ?

ਇਹੋ ਹਾਲ ਰਿਹਾ ਤਾਂ ਸਦੀਆਂ ਸਦੀਆਂ ਤੀਕ,
ਧੂਣੀ ਆਪਣੇ ਹੱਡਾਂ ਵਾਲੀ ਸੇਕੋਗੇ।

ਫੁੱਲਾਂ ਦੀ ਬਰਖਾ 'ਤੇ ਐਵੇਂ ਨੱਚੋ ਨਾ,
ਪੱਤੀਆਂ ਨੂੰ ਹੀ ਲਾਟਾਂ ਬਣਦੇ ਵੇਖੋਗੇ।

ਫੇਰ ਜ਼ਮੀਰਾਂ ਪਰਖਣ ਵਾਲੇ ਆਏ ਨੇ,
ਫੇਰ ਮਨਾਂ ਦੇ ਬੱਦਲ ਫਟਦੇ ਵੇਖੋਗੇ।

ਖ਼ੂਬ ਸਹੀ ਇਹ ਸ਼ੌਕ ਵੀ ਜੀਭਾਂ ਕੱਟਣ ਦਾ,
ਕੱਟੀਆਂ ਜੀਭਾਂ ਦੇ ਵੀ ਜਲਬੇ ਵੇਖੋਗੇ।

••

## ਕਰਫ਼ਿਊ ਕਵਿਤਾ

ਬਹੁਤ ਮੁਸ਼ਕਿਲ 'ਚ ਹੈ ਕਵਿਤਾ
ਕਰਫ਼ਿਊ ਦੇ ਦਿਨਾਂ ਵਿੱਚ

ਦਿਲਾਂ ਦੀ ਮਰਘਟ ਵਿੱਚ
ਦਫ਼ਨ ਹੋ ਰਹੇ ਸੁਪਨੇ
ਦੀਵਾਰਾਂ 'ਚ ਵੱਜ ਵੱਜ
ਖਿੰਡ ਰਹੇ ਕਲਪਨਾ ਦੇ ਖੰਭ
ਮਨਾਂ ਦੇ ਮਹਿਲਾਂ 'ਚ
ਮੌਤ ਦਾ ਸਾਇਆ
ਸਹਿਮ ਗਈ ਹੈ
ਸੁਪਨਿਆਂ ਦੀ ਸਰਗਮ

ਮੌਤ ਦੇ ਮੌਸਮ 'ਚ
ਮਹਿਕਦੀਆਂ ਫੁੱਲਪੱਤੀਆਂ
ਨਜ਼ਰ ਦੇ ਰਾਹਾਂ ਨੂੰ
ਨਹੀਂ ਸਜਾਉਂਦੀਆਂ ਅੱਜਕਲ੍ਹ

ਬਹੁਤ ਮੁਸ਼ਕਿਲ ਹੋ ਰਿਹਾ ਹੈ
ਦੌੜਣਾ
ਦਰਦਾਂ ਦੀ ਦਲਦਲ 'ਚ
ਦਹਿਲਦੇ ਦਿਲ ਲੈ ਕੇ...
ਬਹੁਤ ਮੁਸ਼ਕਿਲ 'ਚ ਹੈ ਕਵਿਤਾ
ਕਰਫ਼ਿਊ ਦੇ ਦਿਨਾਂ ਵਿੱਚ

••

## ਕਰਫ਼ਿਊ 'ਚ ਘਰ

ਇਹ ਘਰ ਤਾਂ
ਉਹ ਘਰ ਨਹੀਂ ਲਗਦਾ
ਜੋ ਮਿਲਦਾ ਸੀ ਹਰ ਦਿਨ ਮੈਨੂੰ
ਸ਼ਾਮ-ਸਵੇਰੇ

ਜਿਥੇ ਆ ਕੇ
ਦਫ਼ਤਰਾਂ ਦੇ ਦਰਦ ਸਾਰੇ
ਝਗੜੇ ਛੇੜੇ ਦੁਨੀਆਦਾਰੀ
ਦਿਨ ਭਰ ਦੀ ਥੱਕਾਨ ਵੀ ਸਾਰੀ
ਅਸਤ ਜਾਵੇ... ... ... ...

ਆਗੋਸ਼ ਜਿਸ ਦੀ ਨਿੱਘ ਤੇ ਸਾਕੂਨ ਦੇਵੇ
ਇਕ ਮਧੁਰ ਮੁਸਕਾਨ ਭਰਕੇ
ਨਜ਼ਰ ਅੰਦਰ
ਕਰੇ ਸਵਾਗਤ-ਸ਼ਾਮ ਸਵੇਰੇ
ਇਹ ਘਰ ਤਾਂ
ਉਹ ਘਰ ਨਹੀਂ ਲਗਦਾ

ਇਸ ਘਰ ਅੰਦਰ

ਨੁੱਕਰ ਨੁੱਕਰ
ਸਹਿਮ-ਸਕੂਨ ਦਾ ਦਰਿਆ ਵਗਦਾ
ਕਮਰੇ ਕਮਰੇ ਆਪ ਸਜਾਈਆਂ
ਚੀਜ਼ਾਂ ਵਸਤਾਂ... ... ... ...
ਫੋਟੋ ਅਤੇ ਕਲੰਡਰ ਸਾਰੇ
ਆਪੇ ਛੋਹਣੋਂ ਸਹਿਮ ਰਿਹਾ ਹਾਂ

ਅੱਖਾਂ ਮੀਟਾਂ
ਜੰਗਲ-ਘੋਰ ਸਨਾਟਾ ਸੁਣਦਾ
ਅੱਧ ਜਾਗਣ ਅੱਧ ਸੌਣ 'ਚ ਫਸਿਆ
ਮੰਜ਼ਰ-ਮੌਤ ਨਿਹਾਰੀ ਜਾਵਾਂ
ਯਾਦ ਕਰਾਂ
ਮੁੜ ਮੁੜ ਕੇ ਘਰ ਨੂੰ
ਇਹ ਘਰ ਤਾਂ
ਉਹ ਘਰ ਨਹੀਂ ਲਗਦਾ।

••

# ਕੀ ਮਿਲਿਆ?

ਕੁਦਰਤ ਨਾਲ ਲੜਾਈਆਂ ਕਰ ਕੇ ਕੀ ਮਿਲਿਆ?
ਬਿਨ ਖੰਭਾਂ ਅਸਮਾਨੀਂ ਚੜ੍ਹ ਕੇ ਕੀ ਮਿਲਿਆ?

ਮਨ 'ਚੋਂ ਉੱਠੀਆਂ 'ਵਾਜਾਂ ਕਰ ਕੇ ਅਣਸੁਣੀਆਂ,
ਹੰਕਾਰਾਂ ਦਾ ਤਰਕਸ਼ ਭਰ ਕੇ ਕੀ ਮਿਲਿਆ।

ਬਾਗ਼ਾਂ ਵਿਚ ਬਹਾਰਾਂ, ਸਾਡੀ ਫ਼ਿਤਰਤ ਸੀ,
ਖ਼ੁਸ਼ਬੂਆਂ ਨੂੰ ਜ਼ਖ਼ਮੀ ਕਰ ਕੇ ਕੀ ਮਿਲਿਆ?

ਕਿਰਤ-ਕਮਾਈ ਵੰਡ-ਛਕਾਈ, ਮੰਨੀ ਨਾ,
ਪਾਪਾਂ ਨਾਲ ਤਿਜੌਰੀ ਭਰ ਕੇ ਕੀ ਮਿਲਿਆ?

ਤਰਸ ਗਿਐਂ ਹੁਣ ਮਿਲਣੋਂ ਭੈਣ-ਭਰਾਵਾਂ ਨੂੰ,
ਖ਼ੁਦਗ਼ਰਜ਼ੀ ਦੀ ਅੱਗ 'ਚ ਸੜ ਕੇ ਕੀ ਮਿਲਿਆ?

ਕੋਰੇ-ਝੂਠ, ਮਕਾਰੀ, ਧੋਖੇ, ਕਪਟਾਂ ਦੇ
ਮੱਥੇ ਉੱਤੇ ਤਮਗ਼ੇ, ਜੜ ਕੇ ਕੀ ਮਿਲਿਆ?

ਸਿੱਖ ਲਿਆ ਮੈਂ ਸੀਣਾਂ ਦਿਲ ਦੇ ਜ਼ਖ਼ਮਾਂ ਨੂੰ,
ਤੈਨੂੰ ਤਿੱਖਾ ਨਸ਼ਤਰ ਬਣ ਕੇ ਕੀ ਮਿਲਿਆ?
••

## ਮਨ ਡੋਲ ਗਿਆ

ਕਾਲ ਕੋਰੋਨਾ ਚੜ੍ਹ ਕੇ ਆਇਆ, ਕਿੰਨੀਆਂ ਜਿੰਦਾਂ ਰੋਲ ਗਿਆ।
ਦੁਨੀਆ ਦੇ ਪ੍ਰਬੰਧਾਂ ਵਾਲੇ, ਸਾਰੇ ਪਰਦੇ ਫੋਲ ਗਿਆ।

ਆਫ਼ਤ ਦੇ ਅਸਮਾਨੋਂ ਲੱਥਾ, ਕਾਲਾ ਦੈਂਤ ਬੇਕਾਰੀ ਦਾ,
ਰੋਟੀ ਮੰਗਦੇ ਢਿੱਡਾਂ ਅੰਦਰ, ਭੁੱਖ ਦਾ ਖੰਜਰ ਖੋਭ ਗਿਆ।

ਮੌਤਾਂ ਵੰਡਣ ਵਾਲੇ ਵੀ ਅੱਜ, ਸਹਿਮੇ ਸਹਿਮੇ ਫ਼ਿਰਦੇ ਨੇ,
ਅੱਖਾਂ ਸਾਹਵੇਂ ਮੌਤ ਨਚੇਂਦੀ, ਪਰ ਨਾ ਹਾਲੇ ਲੋਭ ਗਿਆ।

ਅੱਖਾਂ ਦੇ ਅਸਮਾਨ 'ਚ ਡੁੱਬੀ, ਹਿਰਸ ਸਵੇਰਾ ਵੇਖਣ ਦੀ,
ਤੇਰੀ ਅੱਖ 'ਚੋਂ ਡਿੱਗਿਆ ਹੰਝੂ, ਮੇਰਾ ਵੀ ਮਨ ਡੋਲ ਗਿਆ।

ਬਦਲੀ ਨੀਤ, ਨਜ਼ਾਰੇ ਬਦਲੇ, ਬਦਲੀ ਨੀਤੀ ਹਾਕਮ ਦੀ,
ਝੂਠ-ਮਕਾਰੀ, ਮਾਨਵਤਾ ਨੂੰ, ਇਕੋ ਪਲੜੇ ਤੋਲ ਗਿਆ।

ਮਕਤਲ ਦੇ ਦਰਵਾਜ਼ੇ ਖੜ ਕੇ, ਤਰਲੇ ਮਿੰਨਤਾਂ ਕੀ ਕਰਨੇ,
ਉੱਚਾ ਕਰਕੇ ਸਿਰ ਨੂੰ 'ਜੌਹਲ', ਸੱਚਾ ਸੱਚਾ ਬੋਲ ਗਿਆ।

••

# ਚਮਕੂ ਫੇਰ ਟਟਹਿਣਾ

ਡੂੰਘੀ ਹੋਰ ਉਦਾਸੀ ਕਰਦਾ, ਘਰ ਵਿਚ ਬੈਠੇ ਰਹਿਣਾ।
ਓਹੀ ਚਿਹਰੇ, ਓਹੀ ਗੱਲਾਂ, ਓਹੀ ਸੁਣਨਾ-ਕਹਿਣਾ।

ਹਾਸੇ, ਠੱਠੇ, ਗੱਪ-ਲਤੀਫ਼ੇ, ਕੀ ਹੁੰਝਾਂ, ਕੀ ਆਰਾਂ,
ਬੁੱਲ੍ਹਾਂ ’ਤੇ ਮੁਸਕਾਨ ਲਿਆ ਕੇ, ਚੇਤੇ ਕਰਦੇ ਰਹਿਣਾ।

ਏਦਾਂ ਦੀ ਆਫ਼ਤ ਨਾ ਆਈ, ਸਦੀਆਂ ਨਜ਼ਰ ਦੌੜਾਈ,
ਆਖ਼ਰ ਕੁਦਰਤ ਬਦਲਾ ਲੈਂਦੀ, ਜੇ ਨਾ ਮੰਨੋ ਕਹਿਣਾ।

ਆਟਾ ਦਾਲਾਂ ਸੁਪਨਾ ਹੋ ਗਏ, ਚੁੱਲਾ ਭਾਂ ਭਾਂ ਕਰਦਾ,
ਪੇਟ ਪੁਕਾਰੇ ਰੋਟੀ ਰੋਟੀ, ਸੁਣਦਾ ਕੌਣ ਕੁਲਹਿਣਾ।

ਦੂਰੋਂ-ਦੂਰੋਂ ਕਰਨ ਸਲਾਮਾਂ, ਜਿਗਰੀ ਯਾਰ-ਸਕੇਰੇ,
ਮਾਣ-ਤਾਣ ਦਾ ਝੂਠ ਮੁਲੰਮਾ ਏਦਾਂ ਹੀ ਸੀ ਲਹਿਣਾ।

ਪੌਣਾਂ ਦੇ ਪੈਰਾਂ ਦੀ ਝਾਂਜਰ, ਪਾਉਂਦੀ ਵੈਣ ਸੁਣੀਂਦੀ,
ਅੰਨ੍ਹੇ ਘੋਰ ਸਨਾਟੇ ਵਿਚੋਂ, ਚਮਕੂ ਫੇਰ ਟਟਹਿਣਾ।

••

# ਕੇਹੀ ਚੱਲੀ ਰੀਤ

ਦੀਵੇ ਬਾਲੋ, ਨੇਰ੍ਹ ਫੈਲਾਓ, ਕੇਹੀ ਚੱਲੀ ਰੀਤ,
ਮਾਰ ਜ਼ਮੀਰਾਂ, ਅੱਖਾਂ ਮੀਟੋ, ਗਾਵੋ ਮਹਿਮਾ ਗੀਤ।

ਨੇਰ੍ਹ ਗੁਫ਼ਾ ਦੇ ਨੇਰ੍ਹੇ ਅੰਦਰ, ਕਿਹੜੀ ਨੁੱਕਰ ਮੇਰੀ,
ਅੰਨ੍ਹਾ ਕਰਦਾ ਫਿਰਦਾ ਆਪਣੀ, ਮਿੱਟੀ ਆਪ ਪਲੀਤ।

ਨੇਰ੍ਹੀ ਝੱਖੜ, ਠੱਕਾ, ਬਰਫ਼ਾਂ ਵਿਛੀਆਂ ਚਾਰ ਚੁਫ਼ੇਰ,
ਸਮਝ ਨਾ ਆਵੇ, ਕਦ ਤੱਕ ਰਹਿਣਾ, ਮੌਸਮ ਠੰਢਾ ਸੀਤ।

ਮੈਂ-ਮੈਂ, ਮੇਰੀ-ਮੇਰੀ, ਕਰਦੀ ਦੁਨੀਆ ਦੇਖਾਂ ਰੋਜ਼,
ਆਪਾਧਾਪੀ ਦੇ ਆਲਮ ਵਿੱਚ ਉਮਰਾ ਜਾਣੀ ਬੀਤ।

ਨੇਰ੍ਹਾ, ਜੁਗਨੂੰ, ਲਹਿਰਾਂ, ਕਿਸ਼ਤੀ, ਚੱਪੂ ਤੇ ਮੰਝਧਾਰ,
ਦੋਸਤ-ਦੁਸ਼ਮਣ 'ਕੱਠੇ ਹੋ ਗਏ ਲੈ ਕੇ ਕਾਲੀ ਨੀਤ।

ਸਦੀਆਂ ਦੀ ਪਰਿਕਰਮਾ ਕਰਕੇ ਪਹੁੰਚੇ ਕੇਸ ਮੁਕਾਮ,
ਕਬਰਾਂ ਅੰਦਰ ਸੁੱਤੀਆਂ ਮਰਜ਼ਾਂ ਮੁੜ ਹੋਈਆਂ ਸੁਰਜੀਤ।

••

## ਵਿੰਨ੍ਹਣਾ ਪੈਣਾ

ਵਿੰਨ੍ਹਣਾ ਪੈਣਾ ਗ਼ੁਬਾਰਾ, ਨ੍ਹੇਰ ਦਾ, ਅੰਧਕਾਰ ਦਾ,
ਯੁੱਧ ਹੋ ਕੇ ਹੀ ਰਹੇਗਾ, ਕਲਮ ਦਾ, ਤਲਵਾਰ ਦਾ।

ਸ਼ਹਿਰ ਸਾਰਾ ਸੌਂ ਗਿਆ ਹੈ, ਜਾਗਦਾ ਹਾਂ ਮੈਂ ਅਜੇ,
ਸਾਮਣੇ ਦਿਸਦਾ ਹੈ ਮੈਨੂੰ, ਅਜਬ ਮੰਜ਼ਰ ਦਾਰ ਦਾ।

ਦੂਰ ਗਹਿਰੇ ਸਾਗਰਾਂ ਵਿਚ, ਡੋਲਦੀ ਕਿਸ਼ਤੀ ਨੂੰ ਵੇਖ,
ਯਾਦ ਆਇਆ ਫਿਰ ਭਰੋਸਾ, ਬੇਵਫ਼ਾ ਪਤਵਾਰ ਦਾ।

ਆਤਮਾ ਨੂੰ ਸਾਦਗੀ ਤੇ ਸਿਦਕ ਦਿੰਦੇ ਨੇ ਸਕੂਨ,
ਤੋੜ ਦਿੰਦਾ ਆਣ ਕੇ, ਬੁੱਲਾ ਤੇਰੇ ਹੰਕਾਰ ਦਾ।

ਤੇਰੀਆਂ ਮਗ਼ਰੂਰੀਆਂ ਨੂੰ, ਝੱਲਣਾ ਮੇਰਾ ਨਸੀਬ,
ਅਜਬ ਰਿਸ਼ਤਾ ਰੰਗ-ਫੁੱਲਾਂ, ਖ਼ੁਸ਼ਬੂਆਂ-ਖ਼ਾਰ ਦਾ।

ਇਸ਼ਕ ਦੀ ਹੋਣੀ ਜੇ ਨੀਂਦਰ ਨੇ ਹੀ ਬਣਨਾ ਸੀ ਅਖ਼ੀਰ,
ਕਿਉਂ ਭਲਾ ਮਿਰਜ਼ਾ ਦਿਖਾਇਆ ਸੂਰਮਾ ਬੇਕਾਰ ਦਾ।

ਹਾਰ ਜਾਣਾ ਫਿਰ ਮੁਕੱਦਰ ਵਿੱਚ ਲਿਖਿਆ ਵਕਤ ਨੇ,
ਜ਼ੋਰ ਲਾ ਲਏ ਵਕਤ ਆਪਣਾ ਮੇਰਾ ਦਿਲ ਨਾ ਹਾਰਦਾ।

# ਦਰਦ ਕਹਾਣੀ

ਕਿੱਦਾਂ ਲਿਖੀਏ ਦਰਦ ਕਹਾਣੀ
ਸੋਹਣੇ ਦੇਸ ਪੰਜਾਬ ਦੀ
ਫੇਰ ਸਮੇਂ ਨੇ ਪੱਤੀ ਪੱਤੀ
ਵਿੰਨ੍ਹੀ ਏਸ ਗ਼ੁਲਾਬ ਦੀ

ਅੰਮ੍ਰਿਤ ਵਰਗੇ ਪਾਣੀ ਅੰਦਰ
ਨਫ਼ਰਤ-ਜ਼ਹਿਰ ਸਮਾਈ ਹੂ,
ਸੋਨ ਸੁਨਹਿਰੀ ਹੋਈਆਂ ਕਣਕਾਂ
ਅੱਗ ਸ਼ਰੀਕਾਂ ਲਾਈ ਹੂ,
ਟੁੱਟੀ ਤੰਦ ਨਾ ਲੱਭੇ ਮੁੜ ਕੇ
ਨੀਂਦੋਂ ਟੁੱਟੇ ਖਾਬ ਦੀ
ਫੇਰ ਸਮੇਂ ਨੇ ... ... ...

ਸਰੂਆਂ ਵਰਗੇ ਗੱਭਰੂ ਡੁੱਬੇ
ਨਸ਼ਿਆਂ ਦੇ ਦਰਿਆਵਾਂ ਵਿਚ
ਰਾਹਾਂ ਦੇ ਰੁੱਖ ਫਸ ਕੇ ਡਿੱਗੇ
ਆਪਣੀਆਂ ਹੀ ਛਾਵਾਂ ਵਿਚ
ਸਾਜ਼ਾਂ ਤੋਂ ਸੁਰ ਬੇਮੁੱਖ ਹੋ ਗਈ

ਛੋਹ ਮੰਗੇ ਮਿਜਰਾਬ ਦੀ
ਫੇਰ ਸਮੇਂ ਨੇ … … …

ਮਿੱਟੀ ਨਾਲ ਮੁਕੱਦਰ ਜੁੜਿਆ
ਹੋ ਗਈ ਗੱਲ ਪੁਰਾਣੀ ਹੂ,
ਜਿਥੇ ਰੋਟੀ ਘਰ ਵੀ ਓਥੇ
ਬਣ ਗਈ ਨਵੀਂ ਕਹਾਣੀ ਹੂ,
ਪਹਿਨ ਕਿਤਾਬਾਂ ਅੱਖਰ ਸੁੱਤੇ
ਵਿਸਰੀ ਤੁਣਕ ਰਬਾਬ ਦੀ
ਫੇਰ ਸਮੇਂ ਨੇ ਪੱਤੀ ਪੱਤੀ
ਵਿੰਨ੍ਹੀ ਏਸ ਗ਼ੁਲਾਬ ਦੀ
ਕਿੱਦਾਂ ਲਿਖੀਏ ਦਰਦ ਕਹਾਣੀ
ਸੋਹਣੇ ਦੇਸ ਪੰਜਾਬ ਦੀ।

••

## ਲਿਖ ਦੇਵਾਂ...

ਮੈਂ ਵੀ ਆਪਣੀ, ਜੀਣ-ਕਹਾਣੀ ਲਿਖ ਦੇਵਾਂ।
ਮਾਰੂਥਲ ਦੀ ਰੇਤ ਨੂੰ, ਪਾਣੀ ਲਿਖ ਦੇਵਾਂ।

ਅੱਖਾਂ ਸਾਹਵੇਂ ਅੱਕਾਂ ਨੂੰ, ਜੋ ਫੁੱਲ ਖਿੜੇ,
ਕਿਵੇਂ ਉਨ੍ਹਾਂ ਨੂੰ, ਰਾਤ ਦੀ ਰਾਣੀ ਲਿਖ ਦੇਵਾਂ?

ਕਾਤਿਲ ਬਹਿ ਗਏ, ਬਣ ਕੇ ਰਾਖੇ ਜਾਨਾਂ ਦੇ,
ਜੰਞ ਪਾਪ ਦੀ, ਆਉਣੀ-ਜਾਣੀ ਲਿਖ ਦੇਵਾਂ।

ਦੱਸਾਂਗਾ ਸਿਰਨਾਵੇਂ, ਚਿੱਟੇ ਚਾਨਣ ਦੇ,
ਪਹਿਲਾਂ ਆਪਣੀ, ਰਾਤ-ਕਹਾਣੀ ਲਿਖ ਦੇਵਾਂ।

ਸੁਸਰੀ ਹੋ ਗਏ ਸ਼ਹਿਰ 'ਚ, ਮੈਂ ਕੀ ਕਰਦਾ ਹਾਂ,
ਉੱਠਾਂ, ਉੱਠ ਕੇ ਮੁਰਦੇਹਾਣੀ ਲਿਖ ਦੇਵਾਂ।

ਕਿੰਨਾ ਚਿਰ ਮੈਂ, ਬੁੱਲਾਂ ਨੂੰ ਸੀਂ ਰੱਖਾਂਗਾ,
ਅਣਖਾਂ ਦੀ ਬੇਅਣਖ-ਕਹਾਣੀ ਲਿਖ ਦੇਵਾਂ।

ਮੰਦਰ, ਮਸਜਿਦ, ਰੋਟੀ, ਰੋਜ਼ੀ, ਬੇਕਾਰੀ,
ਆਪਣੇ ਦੇਸ਼ ਦੀ, ਰਾਮ-ਕਹਾਣੀ ਲਿਖ ਦੇਵਾਂ।

ਤਾਜੋ-ਤਖ਼ਤ, ਮਖੌਟੇ, ਮਿੱਟੀ ਹੋ ਜਾਣੇ,
ਜੇ ਸੱਤਾ ਦੀ, ਸਿਤਮ-ਕਹਾਣੀ ਲਿਖ ਦੇਵਾਂ।
••

# ਉਦਾਸੀ

ਨਾ ਪੁੱਛ ਮੈਨੂੰ
ਮੇਰੀ ਉਦਾਸੀ ਦਾ ਸਬੱਬ
ਹਵਾ ਦਾ ਇਕ ਝਾਉਂਕਾ
ਹੁਣੇ ਹੁਣੇ ਗੁਜ਼ਰਿਆ ਹੈ
ਛੋਹ ਕੇ ਮੈਨੂੰ
ਆਇਆ ਸੀ ਜੋ
ਤੇਰੀ ਦਿਸ਼ਾ ਤੋਂ...

ਮੈਂ ਪਕੜਨਾ ਚਾਹੁੰਦਾਂ
ਹਵਾ ਨੂੰ
ਰੁਮਕਦੇ ਅਹਿਸਾਸ ਨੂੰ

ਮੇਰੀ ਮੁੱਠੀ 'ਚ ਤਾਂ
ਉਦਾਸੀ ਹੈ ਨਿਰੀ...
... ... ... ... ... ...
... ... ... ... ... ...
ਤੇਰੇ ਨਕਸ਼ਾਂ ਵਰਗੀ
ਉਦਾਸੀ...
••

## ਗੂੜ੍ਹਾ ਰਿਸ਼ਤਾ...

ਸਿੱਖ ਲਿਆ ਸਾਹਾਂ ਨੇ ਜੀਣਾ, ਸਿਤਮਾਂ ਨਾਲ, ਸਜ਼ਾਵਾਂ ਨਾਲ।
ਜਿੱਦਾਂ ਗੂੜ੍ਹਾ ਰਿਸ਼ਤਾ ਹੁੰਦਾ, ਪਾਣੀ ਦਾ ਦਰਿਆਵਾਂ ਨਾਲ।

ਝੰਗ ਸਿਆਲੀਂ ਬੇਲੇ ਗਾਹੇ, ਗਾਹੇ ਟਿੱਲੇ ਨਾਥਾਂ ਦੇ,
ਤਖ਼ਤ ਹਜ਼ਾਰੇ ਦੀ ਨਾ ਭੁੱਲੀ, ਕਾਣੀ ਵੰਡ ਭਰਾਵਾਂ ਨਾਲ।

ਢੱਠੇ ਮਹਿਲ ਮੁਨਾਰੇ ਮਨ ਦੇ, ਟੁੱਟੀ ਡੋਰੀ ਸਾਹਾਂ ਦੀ,
ਐਪਰ ਮੋਹ ਨਾ ਟੁੱਟਾ ਮੇਰਾ, ਕੁਝ ਨਾਵਾਂ, ਕੁੱਝ ਥਾਵਾਂ ਨਾਲ।

ਨੂਰ ਇਲਾਹੀ, ਨਕਸ਼ ਕਪਾਹੀ, ਅੱਖਾਂ ਝਲਕਾਂ ਤੂਰ ਦੀਆਂ,
ਤੇਰਾ ਇਕ ਝਲਕਾਰਾ ਪਾ ਕੇ, ਭਿੱਜਾ ਫਿਰਦਾਂ ਚਾਵਾਂ ਨਾਲ।

ਯੁਗ ਯੁਗ ਏਕੋ ਵੇਸ ਰਚਾ ਕੇ, ਸਦੀਆਂ ਤੀਕਰ ਤੁਰਿਆ ਤੂੰ,
ਹੰਕਾਰਾਂ ਦੇ ਪਰਬਤ ਤੋੜੇ, ਗਾਹੇ ਯੁੱਗ ਖੜਾਵਾਂ ਨਾਲ।

ਤੇਰੀ ਆਮਦ ’ਤੇ ਨਾ ਸ਼ਿਕਵਾ, ਸ਼ਿਕਵਾ ਤੌਰ-ਤਰੀਕੇ ’ਤੇ,
ਨਫ਼ਰਤ, ਜ਼ਹਿਰ, ਕੁੜੱਤਣ, ਘਿਰਣਾ, ਆਈਆਂ ਹੋਰ ਬਲਾਵਾਂ ਨਾਲ।
••

# ਪੰਜਾਬ ਨੂੰ

ਇਕ ਨਵਾਂ ਅੰਦਾਜ਼ ਦੇਈਏ, ਮੋੜ ਕੇ ਪੰਜਾਬ ਨੂੰ,
ਖੰਡਰਾਂ ਦੀ ਧੂੜ ਵਿੱਚੋਂ, ਟੋਲ ਕੇ ਪੰਜਾਬ ਨੂੰ।

ਸ਼ੋਹਰਤਾਂ ਦੇ ਸ਼ੋਰ ਅੰਦਰ, ਗੁੰਮਿਆ ਦਿਲ ਦਾ ਸਕੂਨ,
ਲੱਭਿਆ ਕੀ ਰਹਿਤਲਾਂ ਤੋਂ, ਤੋੜ ਕੇ ਪੰਜਾਬ ਨੂੰ।

ਰੋਲ ਕੇ ਪੈਰਾਂ 'ਚ ਸੋਨਾ, ਲੱਭਦੇ ਹਾਂ ਠੀਕਰੇ,
ਪੈ ਗਿਆ ਉਮਰਾਂ ਦਾ ਰੋਣਾ, ਰੋਲ ਕੇ ਪੰਜਾਬ ਨੂੰ।

ਜੀਭ ਮੇਰੀ ਟੁੱਕ ਦਿੱਤੀ, ਸਮੇਂ ਦੇ ਸੰਤਾਪ ਨੇ,
ਦੁੱਖੜਾ ਕਿੱਦਾਂ ਸੁਣਾਵਾਂ, ਬੋਲ ਕੇ ਪੰਜਾਬ ਨੂੰ।

ਭੇਸ ਤਾਜ਼ੇ ਧਾਰ ਕੇ ਜਦ ਆਣ ਪਹੁੰਚੇ ਧਾੜਵੀ,
ਬੁੱਕਣਾ ਪੈਣੈ ਕੜੰਗੀ ਜੋੜ ਕੇ ਪੰਜਾਬ ਨੂੰ।

••

## ਮਾਲੀ ਨੇ ਪਛਤਾਉਣਾ ਹੈ

ਭਖਦੇ ਸ਼ੋਖ ਵਿਚਾਰਾਂ ਵਾਲਾ, ਧੂਣਾ ਫੇਰ ਧਮਾਉਣਾ ਹੈ,
ਡੁੱਬਣ ਡੁੱਬਣ ਕਰਦਾ ਬੇੜਾ, ਖਿੱਚ ਕੇ ਪਾਰ ਲਗਾਉਣਾ ਹੈ।

ਬਹੁਰਾ ਮਾਲੀ ਮੌਲੀ ਰੁੱਤੇ, ਬਾਗ਼ੀਂ ਕੰਡੇ ਬੀਜ ਰਿਹੈ,
ਕੰਡੇ ਜਿੱਦਣ ਹਿੱਕ 'ਚ ਖੁੱਭੇ, ਮਾਲੀ ਨੇ ਪਛਤਾਉਣਾ ਹੈ।

ਸਿਰਲੱਥਾਂ ਨੂੰ ਮਕਤਲ ਦੇ ਦਰਵਾਜ਼ੇ ਉੱਤੇ ਰੋਕ ਲਿਐ,
ਕਤਲ ਕਰਨ ਤੋਂ ਪਹਿਲਾਂ ਕਹਿੰਦੇ, ਕੌਮੀ ਗੀਤ ਸੁਣਾਉਣਾ ਹੈ।

ਮੋਹ-ਮਾਇਆ ਦੇ ਜਾਲ 'ਚ ਫਸ ਕੇ ਬੰਦਾ ਅਕਸਰ ਭੁੱਲ ਜਾਂਦੈ,
ਕੁਦਰਤ ਨੇ ਸਿਤਮਾਂ ਤੋਂ ਸਤ ਕੇ ਆਖ਼ਰ ਰੰਗ ਦਿਖਾਉਣਾ ਹੈ।

ਆਕੜ, ਧਮਕੀ, ਧੌਂਸ, ਧਮੱਚੜ, ਸੱਤਾ ਦੇ ਅੰਦਾਜ਼ ਬਣੇ,
ਰੋਟੀ ਰੋਜ਼ੀ ਪਹਿਲ ਨਹੀਂ ਹੈ, ਮਣਸ਼ਾ ਸਬਕ ਸਿਖਾਉਣਾ ਹੈ।

••

## ਮੇਰੀ ਸੁਣ

ਮੇਰੀ ਸੁਣ ਤੇ ਆਪਣੀ ਕਹਿ
ਹੌਲੀ ਹੌਲੀ ਦਿਲ ਵਿਚ ਲਹਿ

ਜੋ ਵੀ ਕਹਿਣਾ ਕਹਿ ਦੇ ਹੁਣ
ਜੋ ਢਹਿਣਾ ਹੈ, ਜਾਵੇ ਢਹਿ

ਮੇਰੀ ਨਜ਼ਰੋਂ ਡਿੱਗਿਆ ਤੂੰ
ਹੁਣ ਮੇਰੇ ਮਨ ਤੋਂ ਵੀ ਲਹਿ

ਚੁੱਪ ਦਾ ਹੈ ਖਮਿਆਜਾ ਇਹ
ਨੰਗੇ ਪਿੰਡੇ ਛਮਕਾਂ ਸਹਿ

ਹੋ ਜਾਏਂਗਾ ਕੱਚ-ਕਰੂਟਾ
ਐਵੇਂ ਨਾ ਮੁੜ ਮੁੜ ਕੇ ਖਹਿ

ਜਦ ਸਮਿਆਂ ਦੀ ਉੱਠੀ ਵਾਜ
ਤੇਰਾ ਮਿੱਟੀ ਮਿਲਣਾ ਤਹਿ

••

# ਸਿਰਫ਼ ਤੂੰ ਹੀ

ਸਿਰਫ਼ ਤੂੰ ਹੀ ਜੇਸ ਦੀ ਹੋਵੇਂ ਸਜ਼ਾ
ਸੋਚਦਾ ਹਾਂ ਕਰ ਦਿਆਂ ਐਸੀ ਖ਼ਤਾ।

ਬੋਲਣਾ ਮੇਰਾ ਹੀ, ਮੇਰਾ ਸੀ ਕਸੂਰ,
ਕੌਣ ਜੀਭਾਂ ਟੁੱਕਦਾ ਹੈ ਬੇਵਜ੍ਹਾ?

ਨਫ਼ਰਤਾਂ ਤੋਂ ਫੇਰ ਲੈਂਦਾ ਜੇ ਨਜ਼ਰ,
ਜ਼ਿੰਦਗੀ ਉਸ ਨਾਲ ਮੈਂ ਲੈਂਦਾ ਵਟਾ।

ਜ਼ਹਿਰ ਦਾ ਭਰ ਕੇ ਭੜੋਲਾ ਕੀ ਮਿਲੂ,
ਪਿਆਰ ਦੀ ਇਕ ਤੱਕਣੀ ਦਾ ਲੈ ਮਜ਼ਾ।

ਰੰਗ ਉਸ ਦੇ ਮਣਸ਼ਿਆਂ ਦਾ ਦੱਸਦੀ,
ਹੋਰ ਕਾਲੀ ਹੋ ਰਹੀ ਕਾਲੀ ਘਟਾ।

ਦੂਰੀਆਂ-ਮਜਬੂਰੀਆਂ ਦਾ ਹੈ ਕਮਾਲ,
ਲੇਖਣੀ ਐਵੇਂ ਕਿਵੇਂ ਨਿਖਰੇ ਭਲਾ?

••

## ਹਾਰ ਕੇ ਮੈਂ

ਦਿੱਤੀ ਸਮੇਟ ਬਾਜ਼ੀ, ਪਾਂਸੇ ਖਿਲਾਰ ਕੇ ਮੈਂ,
ਜਿੱਤੀ ਤਮਾਮ ਦੁਨੀਆ, ਤੇਰੇ ਤੋਂ ਹਾਰ ਕੇ ਮੈਂ।

ਕਾਲਖ਼ ਸਮੇਂ ਦੀ ਹੁੰਦੀ, ਜਾਂਦੀ ਹੈ ਹੋਰ ਗਹਿਰੀ,
ਧਰਤੀ ਤੇ ਵੇਖ ਚੁੱਕਾਂ, ਸੂਰਜ ਉਤਾਰ ਕੇ ਮੈਂ।

ਮਚਣੋਂ ਨਾ ਬਾਜ਼ ਆਵੇ, ਜ਼ੁਲਮਾਂ ਦੀ ਅੱਗ ਹਾਲਾਂ,
ਯੁਗਤਾਂ ਅਨੇਕ ਵੇਖਾਂ, ਮੁੜ ਮੁੜ ਵਿਚਾਰ ਕੇ ਮੈਂ।

ਤੈਨੂੰ ਕੀ ਦੋਸ਼ ਦੇਵਾਂ, ਅਪਣਾ ਹਾਂ ਆਪ ਦੋਖੀ,
ਖ਼ੁਦ ਨੂੰ ਨਾ ਦੇਖ ਸਕਿਆ, ਨਜ਼ਰਾਂ ਨਿਖ਼ਾਰ ਕੇ ਮੈਂ।

ਨਜ਼ਰਾਂ ਸਵੱਲੀਆਂ ਦੀ, ਤੇਰੇ ਤੋਂ ਆਸ ਨਾਹੀਂ,
ਸਦੀਆਂ ਗੁਜ਼ਾਰੀਆਂ ਨੇ, ਬਾਹਾਂ ਉਲਾਰ ਕੇ ਮੈਂ।

ਐਵੇਂ ਨਾ ਰਾਤ ਮੁੱਕਣੀ, ਐਵੇਂ ਨਾ ਦੀਪ ਜਗਣੇ,
ਪੈਣਾ ਹੈ ਸਿਰ ਕਟਾਉਣਾ, ਬੈਠਾ ਹਾਂ ਧਾਰ ਕੇ ਮੈਂ।

••

# ਦਿਲ ਨਸ਼ਿਆ ਗਿਆ

ਸੋਚਿਆ ਨਾ ਸੀ ਇਹ ਮੌਸਮ, ਕਿਸ ਤਰ੍ਹਾਂ ਦਾ ਆ ਗਿਆ,
ਉੱਜੜੇ ਜਿਹੇ ਘਰ ਦਾ ਮੰਜ਼ਰ, ਆਸਮਾਂ 'ਤੇ ਛਾ ਗਿਆ।

ਜੋਸ ਦੀ ਸਾਰੀ ਮੁਹਾਰਤ, ਦਮਗਜੇ ਹੀ ਦਮਗਜੇ,
ਗ਼ਜ਼ਬ ਹੈ ਉਸ ਨੂੰ ਵੀ ਆਖ਼ਰ, ਚੁੱਪ ਰਹਿਣਾ ਆ ਗਿਆ।

ਕੀਲ ਕੇ ਆਵਾਜ਼ ਮੇਰੀ ਵਿੰਨ੍ਹ ਕੇ ਮੇਰੀ ਨਜ਼ਰ,
ਭਰਮ ਹੈ ਤੈਨੂੰ, ਕਿ ਤੈਨੂੰ ਚੈਨ ਗੂੜ੍ਹਾ ਆ ਗਿਆ।

ਰੂਪ ਤੇਰੇ ਦੀ ਚਮਕ, ਨਾ ਕੀਲ ਪਾਈ ਜੋਸ ਨੂੰ,
ਓਸ ਨੂੰ ਝੂਠੀ ਅਦਾ ਦਾ, ਭਰਮ ਹੀ ਭਰਮਾ ਗਿਆ।

ਤੇਰਿਆਂ ਸਾਹਾਂ ਦੀ ਖ਼ੁਸ਼ਬੂ, ਅੱਜ ਵੀ ਤਾਜ਼ਾ ਤਰੀਨ,
ਵੇਖਿਆ ਫੁੱਲਾਂ ਨੂੰ, ਤੇਰਾ ਫੇਰ ਚੇਤਾ ਆ ਗਿਆ।

ਮੁੱਦਤਾਂ ਪਿਛੋਂ ਫਰੋਲੇ ਫਿਰ ਪੁਰਾਣੇ ਕਾਗ਼ਜ਼ਾਤ,
ਉੱਠੀਆਂ ਦਿਲ 'ਚੋਂ ਤਰੰਗਾਂ, ਫੇਰ ਦਿਲ ਨਸ਼ਿਆ ਗਿਆ।

••

# ਰੰਗ ਦਿਖਾਉਣਾ ਹੈ

ਗੱਲਾਂ ਦੇ ਗੁਲਦਸਤੇ ਨੇ ਭਰਮਾਉਣਾ ਹੈ।
ਮੇਰਾ ਮੈਨੀਫਿਸਟੋ ਸਬਕ ਸਿਖਾਉਣਾ ਹੈ।

ਬਾਗ਼ਾਂ ਅੰਦਰ ਰੰਗ-ਬਰੰਗੀ ਦਹਿਸ਼ਤ ਨੇ,
ਹਾਲਾਂ ਆਪਣਾ ਗੂੜ੍ਹਾ ਰੰਗ ਦਿਖਾਉਣਾ ਹੈ।

ਵੇਦ-ਕਤੇਬਾਂ ਅੰਦਰ ਸੁੱਤੇ ਸ਼ਬਦਾਂ ਨੂੰ,
ਫੇਰ ਕਿਸੇ ਕਰਵਟ ਨੇ ਆਣ ਜਗਾਉਣਾ ਹੈ।

ਅੰਨ੍ਹੇ ਨੂੰ ਅੰਧੇਰਾ ਚਾਨਣ ਵਰਗਾ ਹੈ,
ਚਾਨਣ ਨੂੰ ਅੰਧੇਰਾ ਓਸ ਬਣਾਉਣਾ ਹੈ।

ਮੈਨੂੰ ਮੇਰੇ ਆਪਣੇ ਰਹਿਮ 'ਤੇ ਰਹਿਣ ਦਿਓ,
ਮੈਂ ਆਪਣੇ ਅੰਦਰ ਦਾ ਚੱਕਰ ਲਾਉਣਾ ਹੈ।

ਭੀੜਾਂ ਦੇ ਹੱਥਾਂ ਵਿਚ ਤੇਰੀ ਹੋਣੀ ਹੈ,
ਤੂੰ ਅਕਲਾਂ ਨੂੰ ਕਿਹੜੇ ਖੂਹੀਂ ਪਾਉਣਾ ਹੈ?

••

## ਪੌਣ ਜ਼ਹਿਰਾਂ ਘੋਲਦੀ

ਚੂਕਦੀ ਨਾ ਚਿੜੀ ਕਿਧਰੇ, ਕੋਇਲ ਬਾਗ਼ੀਂ ਬੋਲਦੀ,
ਬੀਜ ’ਤੇ ਬਾਗ਼ਾਂ ’ਚ ਕੰਡੇ, ਪੌਣ ਖ਼ੁਸ਼ਬੂ ਟੋਲਦੀ।

ਖੋਭ ਲਾਂ ਅੱਖਾਂ ’ਚ ਤਕਲੇ, ਜੀ ਕਰੇ ਮੈਂ ਆਪ ਹੀ,
ਦੇਖ ਨਾ ਪਾਵਾਂ ਸਿਆਸਤ, ਜ਼ਿੰਦਗਾਨੀ ਰੋਲਦੀ।

ਸਾੜ ਦਿੱਤੀ ਫਿਰ ਚੁਰਾਹੇ, ਭੀੜ ਨੇ ਮੇਰੀ ਕਿਤਾਬ,
ਓਸ ਨੂੰ ਮਨਜ਼ੂਰ ਨਾ ਸੀ, ਲਿਖਤ ਪਰਤਾਂ ਫੋਲਦੀ।

ਨੇਰ੍ਹ ਗੂੜ੍ਹਾ ਹੋ ਗਿਆ ਤਾਂ ਬਣ ਗਈ ਜੁਗਨੂੰ ਨਜ਼ਰ,
ਕਾਲਖਾਂ ਦੇ ਭਾਅ ਹਕੂਮਤ, ਚਾਨਣੀ ਸੀ ਤੋਲਦੀ।

ਇਹ ਸਮੇਂ ਦਾ ਗੇੜ ਹੈ ਬਸ, ਕੁਝ ਪਲਾਂ ਦਾ ਨੇਰ੍ਹ ਹੈ,
ਲੰਘ ਜਾਣੈ ਸ਼ੂਕਦੇ ਦਰਿਆ ਨੇ ਰੁੱਖਾਂ ਕੋਲ ਦੀ।

ਉਮਰ ਭਰ ਹੋ ਜਾਣ ਨਾ, ਮੇਰਾ ਮੁਕੱਦਰ ਅੱਥਰੂ,
ਮੇਰਿਆਂ ਸਾਹਾਂ ’ਚ ਫ਼ਿਰਕੂ ਪੌਣ ਜ਼ਹਿਰਾਂ ਘੋਲਦੀ।

••

# ਪਾਟੇ ਹੋਏ ਪਤਵਾਰਾਂ ਨਾਲ

ਸੁਪਨੇ ਵਾਂਗੂ ਦਿਸਦੈ ਅੱਜਕਲ੍ਹ, ਮਿਲਣਾ ਗਿਲਣਾ ਯਾਰਾਂ ਨਾਲ,
ਮਨ-ਵਣ ਅੰਦਰ ਪਾਉਂਦੇ ਰਹੀਏ, ਗਲਵਕੜੀ ਗ਼ੁਲਜ਼ਾਰਾਂ ਨਾਲ।

ਤਾਰੋਤਾਰ ਸਰੰਗੀ ਹੋ ਗਈ, ਸਰਗਮ ਹੋ ਗਈ ਸਾਹੋ ਸਾਹ,
ਗੂੰਜੇ ਰਾਗ-ਬਹਾਰ ਮਨਾਂ ਵਿੱਚ, ਫਿਰ ਵੀ ਟੁੱਟੀਆਂ ਤਾਰਾਂ ਨਾਲ।

ਕੁਦਰਤ ਦੇ ਕਹਿਰਾਂ ਤੋਂ ਡਰ ਕੇ, ਰੱਬ ਕਰੇ ਭੁੱਲ ਜਾਵੇਂ ਤੂੰ,
ਧਰਤੀ ਉੱਤੇ ਲੀਕਾਂ ਪਾਉਣਾ, ਤ੍ਰਿਸ਼ੂਲਾਂ, ਤਲਵਾਰਾਂ ਨਾਲ।

ਮੌਸਮ ਮੌਤ ਸੁਨੇਹੇ ਭੇਜੇ, ਚੌਹੀਂ ਕੂਟੀਂ ਮਾਤਮ ਹੈ,
ਕੁਦਰਤ ਨੇ ਬੰਦੇ ਤੋਂ ਸਤ ਕੇ, ਮੇਲੇ ਸੁਰ ਸਰਕਾਰਾਂ ਨਾਲ।

ਕਿਸ ਨੂੰ ਦਿਲ ਦਾ ਹਾਲ ਸੁਣਾਈਏ, ਕਿਸ ਦਾ ਚਿਹਰਾ ਪੜ੍ਹੀਏ ਰੋਜ਼,
ਟਕਰਾਂ ਮਾਰਨ ਜੋਗੇ ਰਹਿ ਗਏ, ਮੁੜ ਮੁੜ ਫੇਰ ਦੀਵਾਰਾਂ ਨਾਲ।

ਕਾਂਗਾਂ ਚਾਰ ਚੁਫ਼ੇਰੇ ਚੜ੍ਹੀਆਂ, ਅੱਗ ਦੇ ਦਰਿਆ ਖੌਲ ਰਹੇ,
ਕਿਸ਼ਤੀ ਕਿਵੇਂ ਕਿਨਾਰੇ ਲੱਗੂ, ਪਾਟੇ ਹੋਏ ਪਤਵਾਰਾਂ ਨਾਲ।

••

## ਜ਼ਮੀਰਾਂ ਪਰਖਣ ਵਾਲੇ

ਪਾਣੀ ਉੱਤੇ ਪੱਥਰ ਤਰਦੇ ਵੇਖਾਂਗੇ।
ਆਪਣਿਆਂ ਦੇ ਸੀਨੇ ਸੜਦੇ ਵੇਖਾਂਗੇ।

ਫੇਰ ਜ਼ਮੀਰਾਂ ਪਰਖਣ ਵਾਲੇ ਆਏ ਨੇ,
ਫੇਰ ਮਨਾਂ ਦੇ ਬੱਦਲ ਫਟਦੇ ਵੇਖਾਂਗੇ।

ਪਤਝੜ ਬਣ ਕੇ ਆਈ, ਰੁੱਤ ਬਹਾਰਾਂ ਦੀ,
ਫੁੱਲਾਂ ਵਿਚੋਂ ਅਥਰੂ ਝਰਦੇ ਵੇਖਾਂਗੇ।

ਮਹਾਮਾਰੀ ਦੇ ਮੌਸਮ ਵਿਚ ਵੀ ਹਾਕਮ ਨੂੰ,
ਤੱਥਾਂ ਨਾਲ ਕਲੋਲਾਂ ਕਰਦੇ ਵੇਖਾਂਗੇ।

ਰਾਤ ਬਲੌਰੀ ਹੈ, ਅੰਦਾਜ਼ ਤਲਿਸਮੀ ਹੈ,
ਦਿਨ ਚੜ੍ਹਦੇ ਨੂੰ ਸੁਪਨੇ ਮਰਦੇ ਵੇਖਾਂਗੇ।

ਭੁੱਖ, ਗ਼ਰੀਬੀ, ਬੇਕਾਰੀ, ਫਿਟਕਾਰਾਂ ਨੂੰ,
ਬੰਦੇ ਹੋਣੀ ਮੰਨ ਕੇ, ਜਰਦੇ ਵੇਖਾਂਗੇ।

ਮੁੱਦਤ ਪਿੱਛੋਂ ਮੋੜੀ ਭਾਜੀ ਕੁਦਰਤ ਨੇ,
ਅਕਲਾਂ 'ਤੇ ਫਿਰ ਪੈਂਦੇ ਪਰਦੇ ਵੇਖਾਂਗੇ।

# ਕਿੰਗਰੇ ਵੀ ਢਹਿਣਗੇ

ਤਿੜਕ ਜਾਣੇ ਮਹਿਲ ਸਾਰੇ, ਕਿੰਗਰੇ ਵੀ ਢਹਿਣਗੇ,
ਕੰਦਰਾਂ ਵਿਚ ਜਗ ਰਹੇ, ਦੀਵੇ ਸਲਾਮਤ ਰਹਿਣਗੇ।

ਨੋਚ ਲੈ ਮੇਰੀ ਨਜ਼ਰ ਤੂੰ, ਖਿੱਚ ਲੈ ਭਾਵੇਂ ਜ਼ੁਬਾਨ,
ਖ਼ੂਨ ਮੇਰੇ ਵਿਚ ਵਗਦੇ, ਪੰਜ ਦਰਿਆ ਰਹਿਣਗੇ।

ਦਿਲ ਦਿਆਂ ਜ਼ਖ਼ਮਾਂ 'ਤੇ ਉੱਕਰੀ ਦਾਸਤਾਂ ਤਾਜ਼ਾ ਰਹੂ,
ਚਮਕਦੇ ਤਾਰੇ ਜਦੋਂ ਤਕ ਆਸਮਾਂ 'ਤੇ ਰਹਿਣਗੇ।

ਵਾਰ ਤੇਰੀ ਤੇਗ਼ ਦੇ ਚੁੱਪ ਚਾਪ ਜੇ ਸਹਿੰਦਾ ਰਿਹਾ,
ਆਉਣ ਵਾਲੇ ਯੁੱਗ ਮੈਨੂੰ, ਕਾਇਰ ਹੀ ਤਾਂ ਕਹਿਣਗੇ।

ਪਟੜੀਆਂ ਦੀ ਸੇਧ ਲੈ ਕੇ, ਤੁਰ ਰਹੇ ਜੋ ਕਾਫ਼ਲੇ,
ਭੁੱਖ ਦੀ ਆਵਾਜ਼ ਸੁਣ ਕੇ, ਚੁੱਪ ਕਿੱਦਾਂ ਬਹਿਣਗੇ?

ਤੰਤਰਾਂ ਤੇ ਮੰਤਰਾਂ ਦੀ, ਭੀੜ ਕੱਠੀ ਹੋ ਰਹੀ,
ਇਹ ਅਡੰਬਰ ਰੇਤ ਦੇ, ਕਿੱਦਾਂ ਹਕੀਕਤ ਸਹਿਣਗੇ?

••

## ਭੁੱਖ ਲੈ ਕੇ ਆਈ ਸੀ

ਭੁੱਖ ਲੈ ਕੇ ਆਈ ਸੀ, ਪਰਦੇਸ ਨੂੰ,
ਭੁੱਖ ਲੈ ਕੇ ਜਾ ਰਹੀ ਹੈ, ਦੇਸ ਨੂੰ।

ਸਹਿ ਰਿਹਾਂ ਧਿਰਕਾਰ, ਧੱਕੇ, ਲਾਠੀਆਂ,
ਯਾਦ ਕਰਕੇ ਦੇਸ ਨੂੰ, ਪਰਦੇਸ ਨੂੰ।

ਮੰਗਦੈ ਬੱਚਾ ਮੇਰਾ, ਰੋਟੀ ਹਜ਼ੂਰ,
ਸਮਝ ਨਾ ਆਵੇ, ਸਿਆਸਤ ਏਸ ਨੂੰ।

ਦਰਦੀਆਂ ਦੀ ਭੀੜ ਵੀ, ਜ਼ਾਲਮ ਮਿਲੀ,
ਓੜ ਕੇ ਆਈ, ਲੁਭਾਉਣੇ ਭੇਸ ਨੂੰ।

ਦੂਰ ਤੀਕਰ ਮੌਤ ਦਾ, ਮੰਜ਼ਰ ਦਿਸੇ,
ਸਾਂਭ ਕੇ ਰੱਖਾਂ, ਲੰਗਾਰੇ ਖੇਸ ਨੂੰ।

ਰੰਗ-ਰੁਤਬੇ, ਤਾਜ ਪਾਣੀ-ਬੁਲਬੁਲੇ,
ਝੂਠ ਮਾਇਆ, ਸੱਚ ਆਖਾਂ ਕੇਸ ਨੂੰ?

ਕੁੱਲ ਮਿਲਾ ਕੇ, ਪੇਟ ਹੀ ਦੋਸ਼ੀ ਰਿਹਾ,
ਝੱਲ ਨਾ ਪਾਇਆ, ਅਵੱਲੀ ਠੇਸ ਨੂੰ।

# ਕਿੱਥੇ ਅੱਗ ਲਗਾਉਣੀ ਹੈ

ਬਚਾ ਕੇ ਅੱਖ ਤੂੰ, ਚੁਪਕੇ ਜਿਹੇ, ਤੀਲੀ ਦਿਖਾਉਣੀ ਹੈ।
ਹਵਾ ਨੂੰ ਦੱਸ ਦਿੱਤਾ ਹੈ, ਕਿ ਕਿੱਥੇ ਅੱਗ ਲਾਉਣੀ ਹੈ।

ਸਮਾਂ ਹੋਵੇ ਜਦੋਂ ਦੁਸ਼ਮਣ ਤਾਂ ਮੱਥੇ ਤਿੜਕ ਜਾਂਦੇ ਨੇ,
ਕਦੋਂ ਫਿਰ ਯਾਦ ਆਉਂਦਾ ਹੈ, ਕਦੋਂ ਕਿਸਮਤ ਲਿਖਾਉਣੀ ਹੈ।

ਕਦੇ ਦਰਿਆ ਦੀਆਂ ਲਹਿਰਾਂ, ਕਦੇ ਸਾਗਰ ਦੀਆਂ ਛੱਲਾਂ,
ਪਰੇਸ਼ਾਂ ਬਾਦਬਾਂ ਸੋਚਣ, ਕਿਵੇਂ ਕਿਸ਼ਤੀ ਬਚਾਉਣੀ ਹੈ।

ਮੇਰਾ ਅੰਦਾਜ਼ ਵੱਖਰਾ ਹੈ, ਤੇਰੇ ਅੰਦਾਜ਼ ਤੋਂ ਜ਼ਾਲਿਮ,
ਤੂੰ ਲਾਂਬੂ ਹਰ ਜਗ੍ਹਾ ਲਾਉਣੈ, ਮੈਂ ਲੱਗੀ ਵੀ ਬੁਝਾਉਣੀ ਹੈ।

ਖ਼ਮੋਸ਼ੀ ਦੱਸਦੀ ਤੇਰੀ, ਤੂੰ ਏਹੀ ਸੋਚਦਾ ਹੋਣੈ,
ਨਵੇਂ ਅੰਦਾਜ਼ ਵਿਚ ਕਿੱਥੇ, ਕਲਾ ਸੁੱਤੀ ਜਗਾਉਣੀ ਹੈ।

ਵਿਗਾੜੂ ਕੀ ਭਲਾ ਮੇਰਾ, ਤੇਰੇ ਤੂਫ਼ਾਨ ਦੀ ਸਾਜ਼ਿਸ਼,
ਸਬਰ ਨੂੰ, ਸਿਦਕ ਨੂੰ, ਨਾ ਸੋਚ ਨੂੰ ਕੋਈ ਆਂਚ ਆਉਣੀ ਹੈ।

••

## ਜ਼ਮੀਰਾਂ ਨੂੰ ਜਗਾ ਦੇਈਏ

ਜ਼ਮੀਰਾਂ ਨੂੰ ਜਗਾ ਦੇਈਏ, ਤਾਂ ਅੰਬਰ ਜਾਗ ਪੈਂਦੇ ਨੇ,
ਦਿਲਾਂ 'ਚੋਂ ਪਿਆਰ ਦੇ ਸੁੱਤੇ, ਸਮੰਦਰ ਜਾਗ ਪੈਂਦੇ ਨੇ।

ਜਦੋਂ ਮੈਂ ਪੇਟ ਦੀ ਖ਼ਾਤਰ, ਕਰਾਂ ਫ਼ਰਿਆਦ ਰੋਟੀ ਦੀ,
ਕਦੇ ਦੰਗਾ, ਕਦੇ ਮਸਜਿਦ ਜਾਂ ਮੰਦਰ ਜਾਗ ਪੈਂਦੇ ਨੇ।

ਮਨਾਂ ਵਿਚ ਲਾਲਸਾ ਕਬਜ਼ੇ ਦੀ, ਹੱਦਾਂ ਟੱਪ ਜਾਵੇ ਤਾਂ,
ਉਦੋਂ ਪੋਰਸ ਦੀ ਰੂਹ 'ਚੋਂ ਵੀ, ਸਿਕੰਦਰ ਜਾਗ ਪੈਂਦੇ ਨੇ।

ਕਿਤੇ ਗੋਲੀ, ਕਿਤੇ ਫ਼ਾਂਸੀ, ਖੜਾਵਾਂ ਤੇ ਕਿਤੇ ਚਰਖਾ,
ਨਿਹਾਰਾਂ ਮੁੰਦ ਕੇ ਅੱਖਾਂ, ਤਾਂ ਮੰਜ਼ਰ ਜਾਗ ਪੈਂਦੇ ਨੇ।

ਤਮੰਨਾ ਜਾਗਦੀ ਜਦ ਵੀ, ਕਰਾਂ ਵਿਸ਼ਵਾਸ ਤੇਰੇ 'ਤੇ,
ਤੇਰੇ ਫੁੱਲਾਂ ਦੇ ਤੋਹਫ਼ੇ 'ਚੋਂ ਵੀ, ਖੰਜਰ ਜਾਗ ਪੈਂਦੇ ਨੇ।

ਸਤਾਇਆ ਤੂੰ ਜਿਵੇਂ ਮੈਨੂੰ, ਭੁਲਾਇਆਂ ਭੁੱਲ ਨਾ ਹੋਵੇ,
ਕੁਰੇਦਾਂ ਜੇ ਕਦੇ ਕੰਕਰ, ਤਾਂ ਖੰਡਰ ਜਾਗ ਪੈਂਦੇ ਨੇ।

••

## ਖ਼ੂਨ ਪਾਰਾ ਹੋ ਗਿਆ

ਆਦਮੀ ਕਿੰਨਾ ਵਿਚਾਰਾ ਹੋ ਗਿਆ।
ਸੁੰਨ ਸੋਚਾਂ, ਖ਼ੂਨ ਪਾਰਾ ਹੋ ਗਿਆ।

ਸਿਮਟ ਗਈਆਂ ਸਾਰੀਆਂ ਲੋੜਾਂ ਕਿਵੇਂ?
ਜੀਣ ਦਾ ਮਤਲਬ ਗੁਜ਼ਾਰਾ ਹੋ ਗਿਆ।

ਧਰਮ, ਧਰਤੀ, ਆਸਥਾ ਦੇ ਨਾਮ 'ਤੇ,
ਮੌਤ-ਮਾਇਆ ਖੇਲ ਸਾਰਾ ਹੋ ਗਿਆ।

ਨਾਖ਼ੁਦਾ ਹੀ ਬੇਵਫ਼ਾ ਨਿਕਲੇ ਜਦੋਂ,
ਦੂਰ ਕਿਸ਼ਤੀ ਤੋਂ ਕਿਨਾਰਾ ਹੋ ਗਿਆ।

ਰਾਤ ਭਰ ਜੋ ਰਹਿਮਤਾਂ ਦਾ ਸ਼ੋਰ ਸੀ,
ਦਿਨ ਚੜ੍ਹੇ ਸਾਰਾ ਨਿਤਾਰਾ ਹੋ ਗਿਆ।

ਗ਼ਮ ਰਿਹਾ ਪੂਰੀ ਗ਼ਜ਼ਲ ਨਾ ਹੋ ਸਕੀ,
ਕਲਮ ਤੋੜਨ ਦਾ ਇਸ਼ਾਰਾ ਹੋ ਗਿਆ।

••

# ਦੀਵੇ ਬਾਲੀਏ

ਬੁਝਦੀਆਂ ਅੱਖਾਂ ’ਚ ਦੀਵੇ ਬਾਲੀਏ,
ਨਜ਼ਰ ਵਿੰਨ੍ਹੀ ਜਾ ਰਹੀ, ਸੰਭਾਲੀਏ।

ਦੁੱਖ ਲੰਮੇ, ਸ਼ਬਦ ਬੌਣੇ ਹੋ ਰਹੇ,
ਦੁੱਖ ਜਿੱਡੇ, ਸ਼ਬਦ ਕਿੱਥੋਂ ਭਾਲੀਏ?

ਪੈੜ ਗਿੱਲੀ, ਆਡ ਸੁੱਕੀ, ਕੀ ਕਰਾਂ?
ਤਰਸ ਖਾ ਲੈ, ਧੌਣ ’ਤੇ ਪੰਜਾਲੀਏ।

ਬੇ-ਉਮੀਦੀ ਉੱਗਦੀ ਖੇਤਾਂ ’ਚ ਰੋਜ਼,
ਹੋਰ ਕਿੰਨੀ ਦੇਰ ਖ਼ੁਸ਼ੀਆਂ ਟਾਲੀਏ।

ਪੁੱਤ ਖੇਤਾਂ ਦੇ ਵੰਗਾਰੇ ਜੇਸ ਨੇ,
ਨੀਤ ਉਸ ਦੀ ਪਰਖੀਏ, ਹੰਘਾਲੀਏ।

ਸਾੜ੍ਹਸੱਤੀ ਘੁੰਮਦੀ ਦਿਸਦੀ ਚੁਫ਼ੇਰ,
ਬਾਲੀਏ ਧੂਣਾ, ਬਲਾਵਾਂ ਜਾਲੀਏ।

••

# ਘਰ ਨੂੰ ਜਾਈਏ

ਪਰਿਆ ਅੰਦਰ ਸੱਚੀ ਸੱਚੀ ਗੱਲ ਸੁਣਾਈਏ,
ਜੇ ਹਿੰਮਤ ਨਾ ਹੋਵੇ, ਉੱਠ ਕੇ ਘਰ ਨੂੰ ਜਾਈਏ।

ਧਰਤੀ ਤੇ ਅੰਬਰ ਵਿਚ ਕਿਧਰੇ ਮੈਂ ਵੀ ਹੈਗਾਂ,
ਉੱਚੀਆਂ ਬਾਹਾਂ ਕਰਕੇ ਬੱਦਲ ਦੂਰ ਹਟਾਈਏ।

ਜੰਗਲ ਦੀ ਇਸ ਅੱਗ ਨੂੰ ਲਿਖਣਾ ਬਹੁਤ ਜ਼ਰੂਰੀ,
ਲਟ ਲਟ ਬਲਦੀ ਉਂਗਲ ਨੂੰ ਹੀ ਕਲਮ ਬਣਾਈਏ।

ਮਹਿਮਾ ਸੁਣਨੀ ਚਾਹੁੰਦੈ ਰੋਜ਼ ਮਖੌਟੇ ਦੀ,
ਹਾਕਮ ਦੀ ਹਸਰਤ ਨੂੰ, ਸ਼ੀਸ਼ਾ ਚੁੱਕ ਦਿਖਾਈਏ।

ਸ਼ਾਇਰੀ ਨੂੰ ਮਨਜ਼ੂਰ ਨਾ ਹੋਏ ਝੂਠ ਪੁਲੰਦੇ,
ਸੱਚ-ਬਿਆਨੀ ਵਾਲੀ ਸੁੱਤੀ ਚਿਣਗ ਜਗਾਈਏ।

ਮਾਲੀ ਹੀ ਜਦ ਮਸਲਣ ਲੱਗੇ ਕੋਮਲ ਕਲੀਆਂ,
ਫੁੱਲਾਂ ਲੱਦੀ ਟਹਿਣੀ ਵੀ ਤਲਵਾਰ ਬਣਾਈਏ।

••

## ਹਾਲ ਦੁਹਾਈ ਹੈ

ਅੱਗ ਹਵਾ ਨੂੰ ਕਿਸ ਨੇ ਆਣ ਲਗਾਈ ਹੈ।
ਸੜਕਾਂ ਤੋਂ ਸੰਸਦ ਤਕ ਹਾਲ ਦੁਹਾਈ ਹੈ।

ਖੇਤਾਂ ਵਿੱਚੋਂ ਨਿਕਲ ਤੁਰੇ ਪੁੱਤ ਖੇਤਾਂ ਦੇ,
ਦੂਰ ਦਸੇਂਦੀ ਰੋਟੀ ਦੀ ਪਰਛਾਈ ਹੈ।

ਮੁੜ੍ਹਕੇ ਦੀ ਖ਼ੁਸ਼ਬੋ ਨਾ ਚੰਗੀ ਲੱਗੇ ਹੁਣ,
ਠੰਢੇ ਹਉਕੇ ਭਰਨਾ ਕਿਸਮਤ ਪਾਈ ਹੈ।

ਖ਼ੁਦਕੁਸ਼ੀਆਂ ਦੀ ਖੇਤੀ ਜਿਸਦੀ ਹੋਣੀ ਹੈ,
ਉਸ ਦੇ ਜ਼ਖ਼ਮਾਂ ਉੱਤੇ ਚੋਭ ਲਗਾਈ ਹੈ।

ਅੰਨਦਾਤਾ ਹੀ ਤਰਸੇ ਅੰਨ ਦੀ ਬੁਰਕੀ ਨੂੰ,
ਘੋਰ ਵਪਾਰੀ ਯੁੱਗ ਦੀ ਇਹ ਚਤਰਾਈ ਹੈ।

••

## ਵਾ-ਰਮ-ਵਾਰ

ਰਿਸ਼ਤੇ ਕੱਚੇ ਘਰ ਵਾਂਗੂ ਨੇ, ਲਿੱਪਣੇ ਪੈਂਦੇ ਵਾ-ਰਮ-ਵਾਰ,
ਬਣ ਜਾਂਦੇ ਮਿੱਟੀ ਦੀ ਢੇਰੀ, ਲਿੱਪਣੇ ਛੱਡੀਏ ਜੇ ਇਕ ਵਾਰ।

ਦੂਰ ਨਜ਼ਰ ਦੇ ਦਿਸਹੱਦੇ 'ਤੇ, ਧੁਖਦੀ ਧੂਣੀ ਦੱਸ ਰਹੀ ਹੈ,
ਸੜ ਗਏ ਲੇਖ, ਮੁਕੱਦਰ ਸੜ ਗਏ, ਸੜ ਗਏ ਮੱਥੇ ਸਣੇ ਵਿਚਾਰ।

ਕੀ ਮੈਂ ਤੈਨੂੰ ਪੁੱਛ ਕੇ ਲੈਣਾ, ਕੀ ਤੂੰ ਮੈਨੂੰ ਦਸ ਕੇ ਲੈਣਾ ?
ਦਿਲ ਦੀ ਦੇਗ਼ 'ਚ ਰਿੱਝਣ ਦੇਈਏ, ਸ਼ਿਕਵੇ, ਗੁੱਸੇ, ਗਿਲੇ, ਗੁਬਾਰ।

ਤੂੰ ਹਉਮੈ-ਹੰਕਾਰ ਦੀ ਮੂਰਤ, ਮੈਂ ਜਜ਼ਬੇ ਦੀ ਸੂਖਮ ਜੁੰਬਿਸ਼
ਅੱਥਰੂ ਜਿਹਾ ਨਿਥਾਵਾਂ, ਜਿਸ ਦਾ ਅੱਖ ਵੀ ਝੱਲ ਸਕੀ ਨਾ ਭਾਰ।

ਮੁੜ ਮੁੜ ਮਾਂ ਦਾ ਚੇਤਾ ਆਵੇ, ਮੁੜ ਮੁੜ ਬਾਪ-ਤਿਊੜੀ ਪਾਵੇ,
ਚੌਖਟ ਉੱਤੇ ਦੁੱਖ-ਸੁੱਖ ਫੋਲਣ, ਦੀਵਾ-ਵੱਟੀ ਬੁੱਕਲ ਮਾਰ।

••

## ਦੋਹੇ

ਮੇਰੀ ਚੁੱਪ ਨੇ ਡੀਕ ਲਏ, ਸਾਰੇ ਕੌੜੇ ਬੋਲ
ਪੜ੍ਹਦਾ ਰਹਿੰਦਾਂ ਬੀਤੀਆਂ, ਦਿਲ ਦੇ ਵਰਕੇ ਫੋਲ

ਹੋਇਆ ਜ਼ਿਦਾਂ ਮੁਕਾਬਲਾ, ਭਲੀ ਕਰੇ ਭਲਕਾਰ
ਏਧਰ ਜ਼ਿਦ ਹੱਕ ਲੈਣ ਦੀ, ਓਧਰ ਹੈ ਹੰਕਾਰ

ਬੀੜ ਟ੍ਰੈਕਟਰ ਤੁਰ ਪਿਆ, ਦਿੱਲੀ ਵਲੇ ਹਜੂਮ
ਵਾਪਸ ਕਰਕੇ ਆਏਗਾ, ਕਾਲੇ ਤਿੰਨ ਕਾਨੂੰਨ

ਗਣਤੰਤਰ ਦੇ ਪੁਰਬ 'ਤੇ, ਝੁੱਲੇ ਹੱਕ ਨਿਸ਼ਾਨ
ਸਣੇ ਟ੍ਰੈਕਟਰ ਪਹੁੰਚਿਆ, ਦਿੱਲੀ ਵਿੱਚ ਕਿਸਾਨ

ਸੱਤਾ ਥਰ ਥਰ ਕੰਬਦੀ, ਢੂੰਡੇ ਆਲ ਪਤਾਲ
ਹੱਥੀਂ ਗੰਢਾਂ ਦਿੱਤੀਆਂ, ਖੋਲੇ ਮੂੰਹ ਦੇ ਨਾਲ

ਲੋਕਤੰਤਰੀ ਧਰਮ ਹੈ, ਸੁਣਨੀ ਲੋਕ-ਆਵਾਜ਼
ਕੰਨ ਕਰੋਗੇ ਬੰਦ ਜੇ, ਤਿੜਕ ਜਾਣਗੇ ਤਾਜ

ਹੇਠਾਂ ਜੰਡ ਦੇ ਅਣਖ ਹੈ, ਉੱਪਰ ਬੇਬੱਸ ਬਾਣ
ਪੰਜ ਨਦੀਆਂ ਦੇ ਦੇਸ ਦੀ, ਏਨੀ ਬਚੀ ਪਛਾਣ

ਮੈਥੋਂ ਵਾਪਸ ਲੈ ਲਵੋ, ਜਾਤੀ, ਧਰਮ, ਪਛਾਣ
ਮੈਨੂੰ ਬੰਦਾ ਬਣਨ ਦਾ, ਦੇ ਦੇਵੋ ਵਰਦਾਨ

ਰੂਹਾਂ ਕੁਝ ਕੁਲਹਿਣੀਆਂ ਕਿੱਥੋਂ ਪਈਆਂ ਪੇਸ਼
ਮੁਰਦੇ ਹਾਣੀ ਛਾ ਗਈ, ਪੈਰੋ ਪੈਰ ਕਲੇਸ਼

ਬੋਹਲਾਂ ਦੇ ਰਖਵਾਲਿਆਂ, ਖ਼ੂਬ ਉਡਾਈ ਖੇਹ
ਗਲਵਕੜੀ ਹੀ ਖਾ ਗਈ, ਦਿਲ 'ਚੋਂ ਉੱਠਿਆ ਤੇਹ

ਮੁੜ ਮੁੜ ਜੀਭਾਂ ਟੁੱਕੀਆਂ, ਅੱਖਾਂ ਲਈਆਂ ਨੋਚ
ਪਾਸਾ ਵੱਟ ਅਤੀਤ ਤੋਂ, ਜ਼ਖ਼ਮੀ ਕੀਤੀ ਸੋਚ

••

## ਤੇਰੀ ਦਇਆ

ਮੇਰੇ ਉੱਤੇ ਤੇਰੀ ਦਇਆ ਇਉਂ ਅਹਿਸਾਨ ਕਰਦੀ ਹੈ
ਇਹ ਅੱਖਾਂ ਨੋਚ ਲੈਂਦੀ ਹੈ, ਤੇ ਐਨਕ ਦਾਨ ਕਰਦੀ ਹੈ

ਕਦੇ ਅੱਥਰੂ, ਕਦੇ ਸ਼ਬਨਮ, ਕਦੇ ਧੜਕਣ, ਕਦੇ ਭਟਕਣ
ਕਦੇ ਬਣ ਕੇ ਲਾਚਾਰੀ, ਬੇਖ਼ੁਦੀ, ਬੇਜਾਨ ਕਰਦੀ ਹੈ

ਹਵਾ ਨੂੰ ਹੁਕਮ ਹੋਇਆ ਹੈ, ਉਹ ਤੈਥੋਂ ਪੁੱਛ ਕੇ ਚੱਲੇ
ਕੇਹੀ ਨਾਦਾਨ ਫ਼ਿਤਰਤ ਹੈ, ਕੇਹੇ ਫ਼ੁਰਮਾਨ ਕਰਦੀ ਹੈ

ਜ਼ਹਿਰ ਪੀ ਕੇ ਜ਼ਮਾਨੇ ਦਾ, ਜ਼ਮਾਨਾ ਤਾਰ ਦੇਵੇ ਜੋ
ਮਸੀਹਾ ਓਸ ਨੂੰ ਦੁਨੀਆ ਸਦਾ ਪ੍ਰਵਾਨ ਕਰਦੀ ਹੈ

ਮੈਂ ਮੰਨਦਾ ਹਾਂ ਨਾ ਟਿਕ ਪਾਊ, ਹਨੇਰਾ ਦੂਰ ਤੀਕਰ ਇਹ
ਹਨ੍ਹੇਰੀ ਥੰਮ ਜਾਵੇਗੀ, ਜੋ ਬੀਆਬਾਨ ਕਰਦੀ ਹੈ

••

# ਦੇਸ਼ ਦੀ ਮਿੱਟੀ

ਮੈਂ ਇਸ ਦੇਸ਼ ਦੀ ਮਿੱਟੀ ਹਾਂ,
ਮੈਨੂੰ ਜੀ ਭਰ ਕੇ ਰੋਣ ਦਿਓ।
ਮੇਰੀ ਰੂਹ 'ਤੇ ਲੱਗੇ ਜ਼ਖ਼ਮਾਂ ਨੂੰ,
ਅੱਜ ਅੱਥਰੂ ਅੱਥਰੂ ਹੋਣ ਦਿਓ।

ਉਹ ਗੁਜ਼ਰੇ ਵਕਤ ਨਿਹਾਰਾਂ ਮੈਂ,
ਜਦ ਖ਼ੁਸ਼ਬੂ ਚਾਰ ਚੁਫ਼ੇਰੇ ਸੀ।
ਨਾ ਜਾਤ ਧਰਮ ਦਾ ਪਾੜਾ ਸੀ,
ਨਾ ਨਫ਼ਰਤ ਪਾਉਂਦੀ ਘੇਰੇ ਸੀ।
ਸਮਿਆਂ ਦੇ ਪਾਏ ਦਾਗ਼ਾਂ ਨੂੰ,
ਅੱਜ ਨਿਰਮਲ ਪਾਣੀ ਧੋਣ ਦਿਓ।
ਮੈਂ ਇਸ ਦੇਸ਼ ਦੀ ਮਿੱਟੀ ਹਾਂ...।

ਉੱਤਰ ਤੋਂ ਦੱਖਣ ਤੀਕ ਜਦੋਂ,
ਮੇਰੇ ਦਿਲ ਦਾ ਖੁੱਲ੍ਹਾ ਵਿਹੜਾ ਸੀ।
ਧਰਤੀ ਤੋਂ ਅੰਬਰ ਤੀਕ ਜਦੋਂ,
ਰੌਣਕ ਸੀ, ਖ਼ੁਸ਼ੀਆਂ ਖੇੜਾ ਸੀ।

ਅੱਖਾਂ ਵਿਚ ਸਾਂਭ ਨਜ਼ਾਰੇ ਨੂੰ,
ਦੋ ਘੜੀਆਂ ਚੁੱਪ ਖਲੋਣ ਦਿਓ।
ਮੈਂ ਇਸ ਦੇਸ਼ ਦੀ ਮਿੱਟੀ ਹਾਂ...।

... ... ... ... ... ... ... ... ...

ਅੱਜ ਮਾਨਵਤਾ ਦੇ ਮੱਥੇ 'ਤੇ,
ਕਾਲਖ਼ ਦੇ ਧੱਬੇ ਗਹਿਰੇ ਨੇ।
ਕਿਉਂ ਖਾਣ-ਪੀਣ ਤੇ, ਪਹਿਨਣ 'ਤੇ
ਸੋਚਣ 'ਤੇ ਲੱਗੇ ਪਹਿਰੇ ਨੇ।
ਇਸ ਮੈਲੀ ਹੋ ਗਈ ਮਾਲਾ ਵਿੱਚ,
ਕੁੱਝ ਮੋਤੀ ਨਵੇਂ ਪਰੋਣ ਦਿਓ।
ਮੈਂ ਇਸ ਦੇਸ਼ ਦੀ ਮਿੱਟੀ ਹਾਂ...।

••

## ਫੁੱਲਾਂ ਤੋਂ ਰੰਗ ਰੁੱਸੇ

ਫੁੱਲਾਂ ਤੋਂ ਰੰਗ ਰੁੱਸੇ, ਅਜਬ ਬੇਗ਼ਾਨਗੀ ਹੈ
ਪਤਝੜ ਬਹਾਰ ਬਣ ਕੇ, ਸੁਪਨੇ ਦਿਖਾਲਦੀ ਹੈ

ਸੁਰ ਸਾਜ਼ ਨਾਲ ਰੁੱਸੇ, ਗੀਤਾਂ ਤੋਂ ਬੋਲ ਰੁੱਸੇ
ਮੌਸਮ ਉਦਾਸ ਮੁੜ ਮੁੜ, ਸਰਗਮ ਸੰਭਾਲਦੀ ਹੈ

ਗਾਗਰ ਗ਼ਮਾਂ ਦੀ ਲੈ ਕੇ, ਪੱਤਣ ਤੇ ਪੌਣ ਪਹੁੰਚੀ
ਲਹਿਰਾਂ 'ਚ ਗੁੰਮ ਚੁੱਕੇ, ਹਾਸੇ ਹੰਘਾਲਦੀ ਹੈ

ਰੋਂਦੀ ਹੈ ਰਾਤ ਤਨਹਾ, ਮੇਰੇ ਹੀ ਗਲ ਨੂੰ ਲਗ ਕੇ
ਬਲਦੀ ਹੈ ਜਿੰਦ ਮੇਰੀ, ਦੀਵਾ ਜਿਉਂ ਖਾਨਗੀ ਹੈ

ਛਾਈ ਹੈ ਬਣ ਕੇ ਬੱਦਲ, ਜੋ ਤੇਰੇ ਸ਼ਹਿਰ ਉੱਤੇ
ਮੇਰੀ ਅਵਾਰਗੀ ਹੈ, ਮੇਰੀ ਦੀਵਾਨਗੀ ਹੈ

ਕੀ ਕਹਿਰ ਤੇਰਾ ਹੋਇਆ, ਮੇਰਾ ਹੀ ਘਰ ਡਬੋਇਆ
ਕਹਿਰਾਂ ਦੀ ਮਿਹਰਬਾਨੀ, ਕਹਿਰਾਂ ਦੀ ਸਾਦਗੀ ਹੈ

••

## ਕਦੇ ਨਾ ਸੋਚਿਆ ਸੀ

ਕਦੇ ਨਾ ਸੋਚਿਆ ਸੀ, ਇਸ ਤਰ੍ਹਾਂ ਵੀ ਵਿਛਣਗੇ ਸੱਥਰ,
ਹਵਾ ਵਿੱਚ ਜ਼ਹਿਰ ਘੁਲ ਜਾਊ, ਬਣਨਗੇ ਫੁੱਲ ਵੀ ਪੱਥਰ।

ਕਿਤਾਬਾਂ ਵਿੱਚ ਸੁੱਤੇ ਫਲਸਫੇ, ਜੇਕਰ ਨਿਹਾਰਾਂ ਮੈਂ,
ਚਿਰਾਗ਼ਾਂ ਵਾਂਗ ਦਿਸਦੇ ਨੇ, ਜਿਊਂਦੇ ਜਾਗਦੇ ਅੱਖਰ।

ਦੁਆਵਾਂ ਮੇਰੀਆਂ ਨੇ ਸੀ, ਬਣਾਇਆ ਦੇਵਤਾ ਤੈਨੂੰ,
ਤੂੰ ਦੇ ਕੇ ਬਦ-ਦੁਆ ਮੈਨੂੰ ਹੀ, ਆਖਰ ਬਣ ਗਿਆ ਪੱਥਰ।

ਬਗੀਚੀ ਆਪਣੀ ਦੇ ਫੁੱਲ ਹੀ, ਜਦ ਵਿੰਨ੍ਹਦੇ ਪੋਟੇ,
ਕਲਾਵੇ ਭਰ ਲਵਾਂ ਕੰਡੇ, ਮੈਂ ਦਿਲ ਤੇ ਰੱਖ ਕੇ ਪੱਥਰ।

ਹਨੇਰੀ ਰਾਤ ਅੰਦਰ ਵੀ, ਜ਼ਮੀਰਾਂ ਨੂੰ ਜਗਾ ਰਖਣਾ,
ਜ਼ਮੀਰਾਂ ਦਾ ਜਗੂ ਜਜ਼ਬਾ, ਤਾਂ ਆਪੇ ਤਿੜਣਗੇ ਪੱਥਰ।

ਵਿਚਾਰਾਂ ਦੀ ਲੜਾਈ, ਪਾਣੀਆਂ ਤੇ ਪੱਥਰਾਂ ਦੀ ਹੈ,
ਵਗੇਗਾ ਜ਼ਬਤ ਵਿੱਚ ਪਾਣੀ, ਤਾਂ ਅੱਗੇ ਰਿੜਣਗੇ ਪੱਥਰ।

••

# ਨੀਰ ਵਗਦਾ ਵੇਖਦਾਂ

ਤੇਰੀਆਂ ਅੱਖਾਂ 'ਚੋਂ, ਛਮ ਛਮ ਨੀਰ ਵਗਦਾ ਵੇਖਦਾਂ,
ਝੀਲ ਦੇ ਪਾਣੀ 'ਚ ਆਪਣਾ, ਅਕਸ ਤਰਦਾ ਵੇਖਦਾਂ।

ਇਹ ਨਜ਼ਰ ਦਾ ਭਰਮ ਹੈ, ਜਾਂ ਤੇਜ ਤੇਰੇ ਨੂਰ ਦਾ,
ਮੈਂ ਘਟਾਵਾਂ ਕਾਲੀਆਂ 'ਚੋਂ, ਚੰਨ ਝਰਦਾ ਵੇਖਦਾਂ।

ਕੁਰਸੀਆਂ ਦੀ ਖੇਡ ਸਾਰੀ, ਅਜਬ ਮਾਇਆਜਾਲ ਹੈ,
ਦਮਗਜਾ ਅਸਮਾਨ ਵਿੰਨ੍ਹਦਾ, ਪਲ 'ਚ ਮਰਦਾ ਵੇਖਦਾਂ।

ਢਲ ਗਿਆ ਕੰਨਾਂ 'ਚ ਸਿੱਕਾ , ਅੱਖ ਵਿਚ ਖੁੱਭਾ ਗਰੂਰ,
ਸੋਚ ਮਰਦੀ ਵੇਖਦਾਂ, ਮੈਂ ਖ਼ੂਨ ਠਰਦਾ ਵੇਖਦਾਂ।

ਪਿਆਰ ਸਾਗਰ ਖੌਲਦਾ, 'ਨੇਰੀ ਦੀ ਉਲਟੀ ਧਾਰ ਹੈ,
ਡੁੱਬਦੇ ਵੇਖਾਂ ਮੈਂ ਤਾਰੂ, ਡੋਬੂ ਤਰਦਾ ਵੇਖਦਾਂ।

ਖੋਭ 'ਤੇ ਅੱਖਾਂ 'ਚ ਤਕਲੇ, ਖੋਭ 'ਤੀ ਸੀਨੇ ਕਟਾਰ,
ਮੈਂ ਸਮੇਂ ਨੂੰ, ਸਿਤਮ ਸਬਰਾਂ ਨਾਲ ਜਰਦਾ ਵੇਖਦਾਂ।

••

## ਜਿੰਨਾ ਕਰੀਬ ਆਏ

ਓਨੇ ਹਾਂ ਦੂਰ ਹੋਏ, ਜਿੰਨਾ ਕਰੀਬ ਆਏ
ਮੌਸਮ ਮੁਹੱਬਤਾਂ ਦੇ, ਬਣ ਕੇ ਰਕੀਬ ਆਏ

ਤੇਰੀ ਉਡੀਕ ਮੈਨੂੰ, ਮੇਰੀ ਉਡੀਕ ਤੈਨੂੰ
ਭਰਮਾਂ ਭੁਲੇਖਿਆਂ ਦੇ, ਸੁਪਨੇ ਅਜੀਬ ਆਏ

ਮੈਥੋਂ ਜ਼ੁਬਾਨ ਮੇਰੀ, ਜਦ ਤੋਂ ਨਾ ਰੋਕ ਹੋਈ
ਸੁਪਨੇ 'ਚ ਰੋਜ਼ ਮੇਰੇ, ਮੁੜ ਮੁੜ ਸਲੀਬ ਆਏ

ਕੀੜੇ ਮਕੌੜੇ ਬਣ ਕੇ ਜੀਣਾ, ਕਬੂਲ ਹੋਇਆ
ਭਾਵੇਂ ਬੁਲੰਦੀਆਂ ਦਾ, ਲੈ ਕੇ ਨਸੀਬ ਆਏ

ਨਾ ਹੌਸਲੇ ਮੇਰੇ ਦੀ ਉਹ ਥਾਹ ਪਾ ਸਕੇ
ਮੁੜ ਮੁੜ ਕੇ ਨਿਵਨ ਛਾਤੀ ਲੈ ਕੇ ਜਰੀਬ ਆਏ

••

# ਉੱਡਦਾ ਪੰਛੀ

ਮੈਂ ਦੁਨੀਆ ਦੇ ਨਕਸ਼ੇ ਉੱਤੇ
ਉੱਡਦਾ ਪੰਛੀ ਦਿਸਣਾ ਚਾਹੁੰਦਾਂ
ਅਸਮਾਨਾਂ ਦੀ ਉੱਚ-ਉੱਡਾਰੀ
ਧਰਤੀ ਉੱਤੇ ਲਿਖਣਾ ਚਾਹੁੰਦਾਂ

ਕਿਸ ਨੇ ਰੋਕੀ ਹਵਾ ਰੁਮਕਦੀ
ਕਿਸ ਨੇ ਰੋਕੇ ਵਗਦੇ ਪਾਣੀ
ਬੂੰਦ ਬੂੰਦ ਨੂੰ ਤਰਸੇ ਪੰਛੀ
ਸਹਿਮੀ ਸਹਿਮੀ ਜੀਣ-ਕਹਾਣੀ
ਮੈਂ ਬਣ ਕੇ ਅੰਮ੍ਰਿਤ ਅਸਮਾਨੋਂ
ਤਿੱਪ ਤਿੱਪ ਕਰਕੇ ਰਿਸਣਾ ਚਾਹੁੰਦਾਂ...
ਮੈਂ ਦੁਨੀਆ ਦੇ ਨਕਸ਼ੇ ਉੱਤੇ ... ...

ਲਗਦੈ ਬਾਗ਼ਾਂ ਨਾਲ ਕਦੋਂ ਦੀ
ਰੁੱਤ ਬਸੰਤੀ ਰੁੱਸ ਗਈ ਹੈ
ਕੰਡਿਆਂ ਵਰਗੇ ਫੁੱਲ ਖਿੜੇ ਨੇ
ਖ਼ੁਸ਼ਬੂ ਕਿਧਰੇ ਖੁੱਸ ਗਈ ਹੈ
ਮੈਂ ਇਕ ਬੁੱਲਾ'ਵਾ ਦਾ ਬਣ ਕੇ
ਲੰਮੇ ਦਾਈਏ ਮਿਥਣਾ ਚਾਹੁੰਦਾਂ

ਮੈਂ ਦੁਨੀਆ ਦੇ ਨਕਸ਼ੇ ਉੱਤੇ … …

ਧਰਤੀ ਉੱਤੇ ਲੀਕਾਂ ਵਾਹੁਣਾ
ਇਹ ਸਾਡਾ ਦਸਤੂਰ ਨਹੀਂ ਹੈ
ਮੈਂ ਨਫ਼ਰਤ ਦੇ ਛੱਟੇ ਦੇਵਾਂ
ਇਹ ਮੈਨੂੰ ਮਨਜ਼ੂਰ ਨਹੀਂ ਹੈ
ਮੈਂ ਪੰਛੀ ਦੀ ਜੂਨ 'ਚ ਪੈ ਕੇ
ਉੱਡਦੇ ਰਹਿਣਾ ਸਿਖਣਾ ਚਾਹੁੰਦਾਂ
ਮੈਂ ਦੁਨੀਆ ਦੇ ਨਕਸ਼ੇ ਉੱਤੇ
ਉੱਡਦਾ ਪੰਛੀ ਦਿਸਣਾ ਚਾਹੁੰਦਾਂ
ਅਸਮਾਨਾਂ ਦੀ ਉੱਚ ਉੱਡਾਰੀ
ਧਰਤੀ ਉੱਤੇ ਲਿਖਣਾ ਚਾਹੁੰਦਾਂ…

••

# ਪਰਤ ਕੇ ਵਰਕਾ

ਪਰਤ ਕੇ ਵਰਕਾ ਕਲੰਡਰ ਵੇਖਿਆ
ਦਿਲ 'ਚ ਖੁੱਭਾ ਲਾਲ ਖੰਜਰ ਵੇਖਿਆ

ਦਿਲ ਦਿਆਂ ਦਰਵਾਜ਼ਿਆਂ 'ਤੇ ਬੈਠ ਕੇ
ਭਟਕਣਾ, ਹਲਚਲ, ਭਵੰਡਰ ਵੇਖਿਆ

ਦੂਰ ਤੀਕਰ ਦਮਗਜੇ ਹੀ ਦਮਗਜੇ
ਕੰਧ 'ਤੇ ਚੜ੍ਹਿਆ ਕਲੰਦਰ ਵੇਖਿਆ

ਰਾਜ ਦਿਲ 'ਤੇ ਕਰ ਰਿਹਾ ਪੋਰਸ ਦਿਸੇ
ਭਟਕਦਾ ਦਰ ਦਰ ਸਿਕੰਦਰ ਵੇਖਿਆ

ਅਜਬ ਹੈ ਇਹ ਰਿਸ਼ਤਿਆਂ ਦਾ ਰਸਮ ਬਾਗ਼
ਸੁਲਘਦੇ ਸਾੜੇ ਦਾ ਮੰਜ਼ਰ ਵਖਿਆ

ਬਾਗ਼ ਸਾਰਾ ਸੁੱਕ ਚੁੱਕਾ ਸੀ ਚੁਫ਼ੇਰ
ਬਲਦੀਆਂ ਅੱਖਾਂ 'ਚ ਖੰਡਰ ਵੇਖਿਆ

••

## ਅੱਖਾਂ 'ਚੋਂ ਅੰਗਿਆਰੇ ਰਿਸਣਾ

ਅੱਖਾਂ 'ਚੋਂ ਅੰਗਿਆਰੇ ਰਿਸਣਾ, ਤੋਬਾ ਤੋਬਾ,
ਅੱਥਰੂ ਨਾਲ ਬੇਦਾਵਾ ਲਿਖਣਾ, ਤੋਬਾ ਤੋਬਾ।

ਅੱਧੀ ਰਾਤੀਂ ਸੂਰਜ ਦਿਸਣਾ, ਤੋਬਾ ਤੋਬਾ,
ਸਿਖ਼ਰ ਦੁਪਹਿਰ ਤਾਰੇ ਦਿਸਣਾ, ਤੋਬਾ ਤੋਬਾ।

ਸੂਹੇ ਰੰਗਾਂ ਵਿਚ ਡਬੋ ਕੇ ਐਵੇਂ ਚੀਚੀ,
ਨਾਹਰੇ ਨੂੰ ਕੁਰਬਾਨੀ ਲਿਖਣਾ, ਤੋਬਾ ਤੋਬਾ।

ਸਾਰੀ ਰਾਤ ਵਜਾਉਣੇ ਢੋਲ ਕ੍ਰਾਂਤੀ ਵਾਲੇ,
ਦਿਨ ਚੜ੍ਹਦੇ ਦਰਬਾਰੀਂ ਵਿਕਣਾ, ਤੋਬਾ ਤੋਬਾ।

ਕਾਲੇ ਦਿਲ ਵਿਚ ਕਾਲੀ ਨੀਤ ਛੁਪਾਈ ਰੱਖਣਾ,
ਉੱਤੋਂ ਪਾਕ ਪਵਿੱਤਰ ਦਿਸਣਾ ਤੋਬਾ ਤੋਬਾ।

ਚੌਕ ਚਰਾਹੇ ਦਮਗਜਿਆਂ ਦੇ ਛੱਟੇ ਦੇਣੇ,
ਸੱਚੀ ਦਰਗਾਹ ਮੂਧੇ ਡਿਗਣਾ, ਤੋਬਾ ਤੋਬਾ।

••

## ਗੱਪ ਗਪੌੜਾਂ

ਗੱਪ ਗਪੌੜਾਂ ਮਾਰੀ ਜਾਵੇ
ਕੱਖੀਂ ਕਿਲੇ ਉਸਾਰੀ ਜਾਵੇ

ਪਾਰ ਲਾਉਣ ਦਾ ਝਾਂਸਾ ਦੇ ਕੇ
ਕਾਗ਼ਜ਼-ਕਿਸ਼ਤੀ ਤਾਰੀ ਜਾਵੇ

ਗੰਧਲੇ ਪਾਣੀ ਨੂੰ ਨਾ ਛੇੜੇ
ਪਾਣੀ ਸਾਫ਼ ਨਿਤਾਰੀ ਜਾਵੇ

ਸਾਫ਼-ਸਫੋਲੇ ਲੋਕ ਮਨਾਂ ਵਿਚ
ਅੰਧ ਵਿਸ਼ਵਾਸ ਉਤਾਰੀ ਜਾਵੇ

ਜਿਹੜਾ ਬੋਲੇ ਸੱਚੀ ਬਾਣੀ
ਅੰਨ੍ਹੀ ਗੁਫ਼ਾ ਉਤਾਰੀ ਜਾਵੇ

ਸਮਿਆਂ ਨੇ ਕੱਠੇ ਕਰ ਦੇਣੇ
ਜਿਹੜੇ ਪੈਰ ਪਸਾਰੀ ਜਾਵੇ

●●

# ਹਾਇਕੂ

ਖੌਲੇ ਸਾਗਰ
ਝਿੰਮਣਾ ਦੇ ਓਹਲੇ
ਯਾਦਾਂ ਤੇਰੀਆਂ
--0--
ਅਣਕਿਆਸੀ
ਮੇਰੀ ਰੂਹ ਪਿਆਸੀ
ਦੀਦਾਰ ਚਾਹੇ
--0--
ਮੇਰੇ ਅੰਦਰ
ਸਾਗਰ ਖੌਲਦੇ ਨੇ
ਸੁਪਨੇ ਤੇਰੇ
--0--
ਚਿਹਰਾ ਤੇਰਾ
ਅੱਖਾਂ 'ਚ ਖੁੱਭਿਆ
ਨੀਂਦ ਨਾ ਆਵੇ
--0--
ਚੁੱਪ ਚੁਪੀਤੇ
ਸਿਤਮਾਂ ਦੀ ਬਾਛੜ
ਅੰਦਾਜ਼ ਤੇਰਾ
●●

## ਸਲੀਕਾ

ਜੀਣ-ਥੀਣ ਦਾ ਸਗਲ ਸਲੀਕਾ
ਜਿੱਥਾਂ ਤਿੱਥਾਂ ਤੌਰ ਤਰੀਕਾ
ਭੁੱਲ ਭੁਲਾ ਕੇ
ਲੋਭੀ ਜੂਨ 'ਚ ਦਾਖ਼ਲ ਹੋਇਆ
ਸੱਤਾ ਦੇ ਸੁਖ ਦਾ ਅਭਿਲਾਸ਼ੀ
ਸੁੱਤੀ ਭੀੜ ਦਾ ਸੰਗੀ ਸਾਥੀ...
... ... ... ... ... ... ... ... ...
... ... ... ... ... ... ... ... ...
... ... ... ... ... ... ... ... ...
... ... ... ... ... ... ... ... ...

ਸਹਿਜ, ਸਬਰ, ਸੰਤੋਖ ਦੀ ਪੂੰਜੀ
ਹੋਰ ਨਾ ਸਾਂਭੀ ਜਾਵੇ ਮੈਥੋਂ
ਕਿੰਨਾ ਚਿਰ ਅਣਡਿੱਠ ਕਰਾਂਗਾ
ਮੈਂ ਤੇਰਾ ਬੜਬੋਲਪਨ

••

## ਮੇਰਾ ਮਨ ਮੇਰਾ ਦੇਸ਼

ਅਜੀਬ ਚੁੱਪ ਹੈ
ਮੇਰੇ ਸਾਹਾਂ ਦੀ ਆਵਾਜ਼ ਵੀ
ਡਰਾਉਂਦੀ ਹੈ ਮੈਨੂੰ

ਡਰ ਨਾਲ ਭਰਿਆ ਹੋਇਆ
ਮੇਰਾ ਮਨ
ਡਰੇ ਹੋਏ ਪਰਿੰਦੇ ਵਰਗਾ ਹੈ

ਰੁੱਖ ਦੀ ਕੰਬਣੀ ਨਾਲ
ਕੰਬਦਾ ਪਰਿੰਦਾ
ਮੇਰਾ ਮਨ... ...
ਮੇਰਾ ਮਨ
ਮੇਰੇ ਦੇਸ਼ ਵਰਗਾ ਹੈ...

ਮੇਰਾ ਦੇਸ਼-ਮੇਰਾ ਮਨ
ਮੇਰਾ ਮਨ-ਮੇਰਾ ਦੇਸ਼

●●

# ਰਾਤ

ਬਹੁਤ ਤੇਜ਼ੀ ਨਾਲ
ਉਤਰੀ ਹੈ ਰਾਤ
ਅਸਮਾਨ ਉਤੋਂ... ...

ਸੂਰਜ ਟੁਕੜੇ ਟੁਕੜੇ ਹੋ ਕੇ
ਕਿਹੜੇ ਵੇਲੇ
ਤਾਰੇ ਬਣਿਆ... ...
ਸਮਝ ਨਾ ਆਵੇ

ਚੰਦਰਮਾ ਦੀ ਮਮਟੀ ਬਣਿਆ
ਨੇਰ੍ਹਾ ਗੁੰਬਦ
ਕਿਹੜੇ ਵੇਲੇ?

ਕਿਹੜੇ ਵੇਲੇ
ਖਿੜੇ ਮਹਿਕਦੇ ਫੁੱਲਾਂ ਉੱਤੇ
ਕਾਲਖ਼ ਗਈ ਤਰੌਂਕੀ
ਸਮਝ ਨਾ ਆਵੇ... ...

••

## ਕੁੱਝ ਅਹਿਸਾਸ

ਘੇਰਿਆ ਮੈਨੂੰ ਜਦੋਂ ਵੀ, ਮੇਰੀਆਂ ਗਰਜ਼ਾਂ ਨੇ ਆਣ
ਦੋਸਤਾਂ 'ਚੋਂ ਦੁਸ਼ਮਣੀ ਦੀ, ਗੁੰਮ ਜਾਂਦੀ ਹੈ ਪਛਾਣ
**************

ਗਹਿਰੇ ਗਰੂਰ ਅੰਦਰ, ਏਨਾ ਗੜੁੱਚ ਹੋਇਆ
ਮੰਗੀ ਉਜਾੜ ਮੁੜ ਮੁੜ, ਰੋਹੀ ਦਾ ਰੁੱਖ ਹੋਇਆ
**************

ਬਚਦਾ ਰਿਹਾਂ ਹਮੇਸ਼ਾ, ਡਿਗ ਕੇ ਅਕਾਸ਼ ਤੋਂ ਵੀ
ਡਿੱਗਿਆ ਜਦੋਂ ਮੈਂ ਖ਼ੁਦ ਤੋਂ, ਮੁੜ ਕੇ ਨਾ ਉੱਠ ਹੋਇਆ
**************

ਝੀਲ ਅੰਦਰ ਚੰਦ ਜੇਕਰ ਆਪ ਉੱਤਰ ਆਏਗਾ
ਝੀਲ ਦੀ ਕਾਲੀ ਕਥਾ ਦਾ, ਰਾਜ਼ ਨਿੱਤਰ ਆਏਗਾ
**************

ਕੌਣ ਕਰਦੈ ਪਾਣੀਆਂ ਨੂੰ ਗੰਧਲੇ ਸੋਚੋ ਜ਼ਰਾ
ਚੋਰ ਤਾਂ ਅੱਖਾਂ ਦੀ ਝਪਕਣ 'ਚੋਂ ਹੀ ਉੱਭਰ ਆਏਗਾ
**************

ਤਲਵਾਰਾਂ ਨੇ ਦਹਿਸ਼ਤ ਦਿੱਤੀ, ਕਲਮਾਂ ਦੇਣ ਵਿਚਾਰ
ਦਹਿਸ਼ਤ ਦਰਸ਼ਨ ਦਾ ਕੀ ਰਿਸ਼ਤਾ, ਕਲਮਾਂ ਕਰਨ ਵਿਚਾਰ
**************

ਹਉਕੇ, ਹਾਵੇ, ਹੰਝੂ, ਆਹਾਂ ਮਿਲੀਆਂ ਬੇਹਿਸਾਬ
ਜਦੋਂ ਉਦਾਸੀ ਘੇਰੇ ਮੈਨੂੰ, ਢੂੰਡਾਂ ਫੇਰ ਕਿਤਾਬ
**************

ਵਿਚਾਰਾਂ ਮਨ ਦਿਆਂ ਨੂੰ ਮਿਲਣ ਜੇਕਰ ਸ਼ਬਦ ਮਨਭਾਉਂਦੇ
ਸਮੇਂ ਨੇ ਹੋਰ ਕੀ ਲੈਣਾ, ਲਿਖਾਰੀ ਹੋਰ ਕੀ ਚਾਹੇ
**************

ਮੁੜ ਮੁੜ ਤੋੜਦਾ ਰਹਿੰਦੈ, ਮੇਰੇ ਖਿਆਲਾਂ ਦੀ ਲੜੀ
ਮੇਰੇ ਮੱਥੇ 'ਚ ਬੈਠਾ ਮਾਂਦਰੀ, ਮੈਥੋਂ ਵੀ ਸ਼ਾਤਰ ਹੈ।
**************

ਬੂਹਾ-ਬਾਰੀ ਬੰਦ ਕਰਾਂ, ਤਾਂ ਘੁਟਦੈ ਸਾਹ
ਜੇ ਖੋਲ੍ਹਾਂ ਤਾਂ ਅੰਦਰ ਆਵੇ, ਸੀਤ ਹਵਾ
**************

ਜੀ ਕਰਦੈ ਸੰਵਾਦ ਕਰਾਂ ਮੈਂ, ਕੱਲਾ ਬਹਿ ਕੇ ਤੇਰੇ ਨਾਲ
ਜਾਣਨ ਦੀ ਜਗਿਆਸਾ ਮੇਰੀ, ਤੇਰੇ ਅੰਦਰ ਕਿੰਨਾ ਜ਼ਹਿਰ

••

## ਸ.ਫ਼ਰ

ਆਓ ! ਫੇਰ ਸ਼ੁਰੂ ਕਰੀਏ ਸਫ਼ਰ
ਸਪਤ-ਸਿੰਧੂ ਦੇ ਤੱਟ ਤੋਂ
ਤੇ ਪਹੁੰਚ ਜਾਈਏ
ਗੰਗਾ-ਯਮੁਨਾ ਤੱਕ
ਸਿੱਧੀ ਲਕੀਰ ਵਾਂਗ...

ਆਪਣੇ ਮਨਾਂ 'ਚ ਉਸਾਰੀਏ
ਕਿੰਗਰੇਦਾਰ ਕਿਲੇ
ਮੁਹੱਬਤ ਦੇ
ਸਾਂਝ ਦੇ
ਪਿਆਰ ਦੇ...

ਬਹੁਤ ਦਿਖਾ ਚੁੱਕੇ ਹਾਂ ਆਪਾਂ
ਚੀਰ ਚੀਰ ਕੇ ਸੀਨੇ ਆਪਣੇ
ਕਿ ਸਾਡੇ ਮਨਾਂ ਦੀਆਂ ਮਮਟੀਆਂ ਵਿੱਚ
ਮੋਹ ਹੈ
ਮੁਹੱਬਤ ਹੈ
ਮਮਤਾ ਹੈ...

ਪਰ ਉਨ੍ਹਾਂ ਨੂੰ ਵਿਸ਼ਵਾਸ ਨਹੀਂ ਆਉਂਦਾ

ਉਹ ਸਮਝਦੇ ਹਨ
ਕਿ ਸਾਡੇ ਮਨਾਂ ਦੀਆਂ ਡੂੰਘਾਣਾਂ ਵਿੱਚ
ਵਿਸ਼ਵਾਸ ਦੀਆਂ ਜੋ ਪੱਕੀਆਂ ਇਮਾਰਤਾਂ ਹਨ—
ਉਹ ਮੰਦਰ ਹਨ

ਮਸੀਤਾਂ ਹਨ
ਗੁਰਦੁਆਰੇ ਹਨ
ਗਿਰਜੇ ਹਨ...
ਜਾਂ ਏਸੇ ਤਰ੍ਹਾਂ ਦਾ ਕੁਝ ਹੋਰ ਹੈ

ਉਨ੍ਹਾਂ ਦੀ ਬੇਵਿਸ਼ਵਾਸੀ
ਅਤੇ
ਸਾਡੇ ਵਿਸ਼ਵਾਸ ਵਿਚਕਾਰ
ਇਕ ਵੇਈਂ ਵੀ ਹੈ
ਜਿਸ ਵਿਚ ਡੁੱਬ ਕੇ
ਫੇਰ ਤਰਿਆ ਸੀ ਫਲਸਫ਼ਾ
ਤੇ ਉੱਛਲ ਉੱਛਲ ਬੋਲੀ ਵੇਈਂ
ਨਾ ਕੋ ਹਿੰਦੂ—ਨਾ ਕੋ ਮੁਸਲਮਾਨ

ਮਾਨਵਤਾ ਦੇ ਮਨ ਵਿਚ ਸੁੱਤੀ
ਮੋਹ, ਮੁਹੱਬਤ, ਮਮਤਾ ਜਾਗੀ
ਵੇਈਂ-ਜਲ ਦੀ ਧਾਰਾ ਵਿਚੋਂ
ਚਿੰਤਨ ਦੇ ਚਰਨਾਮਤ ਦੀ
ਇਕ ਚੂਲੀ ਭਰਕੇ
ਜੰਗਲ ਜੰਗਲ ਪਰਬਤ ਪਰਬਤ
ਪੈਰ ਤੁਰੇ ਸਨ ਮੁਕਤੀ ਭਾਲਣ
ਪੱਲੇ ਬੰਨ੍ਹ ਸੰਵਾਦ ਪੋਟਲੀ
ਮੱਥੇ ਵਿਚ ਗਿਆਨ ਦੀ ਗੰਗਾ
ਆਦਿਕਾਲ ਤੋਂ ਸਰਬਕਾਲ ਤੱਕ
ਚਿੰਤਨ-ਚਿੰਤਨ... ... ...
ਨਾ ਕੋ ਹਿੰਦੂ-ਨਾ ਕੋ ਮੁਸਲਮਾਨ
ਆਓ ਫੇਰ ਸ਼ੁਰੂ ਕਰੀਏ ਸਫ਼ਰ
ਸਿੰਧੂ ਦੇ ਤੱਟ ਤੋਂ ... ... ...
ਤੇ ਪਹੁੰਚ ਜਾਈਏ
ਗੰਗਾ ਯਮੁਨਾ ਤੱਕ
ਸਿੱਧੀ ਲਕੀਰ ਵਾਂਗ—
ਲੈ ਕੇ ਚਿੰਤਨ ਵੇਈਂ ਵਾਲਾ
ਨਾ ਕੋ ਹਿੰਦੂ-ਨਾ ਕੋ ਮੁਸਲਮਾਨ

## ਰਬਾਬ

ਬਰਸ ਪਈਆਂ ਰਹਿਮਤਾਂ ਸਭ ਤੂੰ ਜਦੋਂ ਛੋਹੀ ਰਬਾਬ।
ਅਜ਼ਲ ਤੋਂ ਵੀ ਅਜ਼ਲ ਤੀਕਰ ਰੁਮਕਦੀ ਤੇਰੀ ਰਬਾਬ।

ਸ਼ੂਕਦੀ ਜਦ ਦੂਰ ਤੀਕਰ, ਨੇਰ੍ਹ ਦੀ ਕਾਲੀ ਨਦੀ,
ਖੌਲਦੇ ਭਵ ਸਾਗਰਾਂ ਵਿਚ ਬਣ ਗਈ ਬੇੜੀ ਰਬਾਬ।

ਮੇਰਿਆਂ ਸਾਹਾਂ 'ਚ ਰੁਮਕੇ, ਰੂਹ ਤੇਰੀ ਤੇਰਾ ਵਜੂਦ,
ਮੇਰਿਆਂ ਲਫ਼ਜ਼ਾਂ 'ਚ ਰਹਿੰਦੀ ਲਰਜ਼ਦੀ ਤੇਰੀ ਰਬਾਬ।

ਕਾਇਨਾਤੀ ਭਰਮ ਸਾਰੇ, ਪਲ 'ਚ ਮਿੱਟੀ ਹੋ ਗਏ,
ਹੋ ਗਿਆ ਖੰਡਿਤ ਹਨ੍ਹੇਰਾ, ਤੂੰ ਜਦੋਂ ਛੇੜੀ ਰਬਾਬ।

ਨਫ਼ਰਤਾਂ, ਹੰਕਾਰ, ਹਉਮੈ ਚਰਨ ਬੰਧਨ ਹੋਣਗੇ,
ਪਾਣੀਆਂ-ਪੌਣਾਂ 'ਚ ਜਿਉਂ-ਜਿਉਂ ਰਮ ਗਈ ਤੇਰੀ ਰਬਾਬ।

ਸ਼ੋਹਰਤਾਂ, ਰੁਤਬੇ ਤਲਿਸਮੀ ਕਰਮਕਾਂਡੀ ਦਮਗਜੇ,
ਰੁਲਣਗੇ ਪੈਰਾਂ 'ਚ ਆਖ਼ਰ, ਆਖਦੀ ਤੇਰੀ ਰਬਾਬ।

ਫ਼ਾਸਲਾ ਮੰਦਰ-ਮਸੀਤਾਂ ਦਾ ਮਨਾਂ 'ਚੋਂ ਮੇਟ ਦੇ,
ਆਣ ਕੇ ਮਰਦਾਨਿਆ ਤੂੰ ਛੇੜ ਦੇ ਓਹੀ ਰਬਾਬ।
••

## ਯੁੱਗ ਯੁੱਗ ਨਾਨਕ...

ਸਗਲ ਮੁਹੱਬਤ ਮਮਤਾ ਵਾਲਾ
ਇਕ ਸੁੱਚਾ ਪੈਗ਼ਾਮ
ਯੁੱਗ ਯੁੱਗ ਨਾਨਕ ਨਾਮ

ਕਾਇਆ ਕਪਟੀ ਕੰਚਨੀ
ਮਨ ਮਿੱਟੀ ਦਾ ਮੋਰ
ਲੋਭ ਭੋਗ ਤੇ ਲਾਲਸਾ
ਨੇਰ੍ਹ ਘਟਾ ਘਨਘੋਰ
ਕਲਯੁੱਗ ਅੰਦਰ ਸੱਚ ਦਾ
ਹੋਵੇ ਕਿਵੇਂ ਕਿਆਮ
ਯੁੱਗ ਯੁੱਗ ਨਾਨਕ ਨਾਮ

ਆਪੇ ਪਾਣੀ ਆਪੇ ਮਛਲੀ
ਆਪੇ ਜਾਲ ਮਛੇਰਾ
ਮੁੱਕਣ ਵਿਚ ਕਿਉਂ ਨਾ ਆਵੇ
ਝਗੜਾ ਤੇਰਾ ਮੇਰਾ
ਝੂਠੀ ਮਾਇਆ-ਮੰਡਪ ਵਾਲਾ

ਚੌਂਹ ਕੂਟੀ ਕੋਹਰਾਮ
ਯੁੱਗ ਯੁੱਗ ਨਾਨਕ ਨਾਮ

ਵੇਈਂ ਸਮਾਧੀ ਵਾਲਾ ਕੌਤਕ
ਅਦਭੁਤ ਅਤੇ ਅਡੋਲ
ਦੈਵੀ ਚਾਨਣ ਚਾਨਣ ਵਾਲੇ
ਅਜਬ ਇਲਾਹੀ ਬੋਲ
ਨਾ ਹਿੰਦੂ ਨਾ ਮੁਸਲਿਮ ਵਾਲਾ
ਪੜ੍ਹਿਆ ਆਣ ਕਲਾਮ
ਯੁੱਗ ਯੁੱਗ ਨਾਨਕ ਨਾਮ

••

# ਸੀਸ ਦੀ ਭਾਸ਼ਾ

ਸੱਤਾ ਬੋਲਦੀ ਸੀ
ਉਦੋਂ ਵੀ
ਤਲਵਾਰ ਦੀ ਭਾਸ਼ਾ
ਭਾਸ਼ਾ ਧੌਂਸ-ਧਮਕੀ ਦੀ
ਕਦੇ ਧਿਰਕਾਰ ਦੀ ਭਾਸ਼ਾ

ਸੱਤਾ ਨਾਲ ਮੇਲਣ
ਸੁਰ ਹਵਾਵਾਂ
ਹੁਕਮ ਲਾਜ਼ਿਮ ਸੀ
ਖਿੜਨ ਜੇ ਬਾਗ਼ ਵਿਚ ਕਲੀਆਂ
ਤਾਂ ਮਾਲੀ ਦੇ ਹੁਕਮ ਉੱਤੇ
ਆਪਣੇ ਇਸ਼ਟ ਬਾਬੇ ਤੋਂ
ਜੇ ਮੰਨਤ ਸੀ ਕਿਸੇ ਮੰਗਣੀ
ਭਲਾ ਮਜ਼ਮੂਨ ਸਾਂਝਾ ਕਰਨ ਵਿਚ
ਕੀ ਹਰਜ ਹੋਣਾ ਸੀ...?
ਸਗੋਂ ਇਹ 'ਦੇਸ਼ ਭਗਤੀ' ਦਾ
'ਪਵਿੱਤਰ' ਫ਼ਰਜ਼ ਹੋਣਾ ਸੀ
ਪਤਾ ਨਹੀਂ ਪੰਡਿਤਾਂ ਨੂੰ
ਏਸ ਤੇ ਇਤਰਾਜ਼ ਕਿਉਂ ਹੋਇਆ?
ਆਨੰਦਪੁਰ ਆਣ ਕੇ ਆਖਣ

ਸਰਾਸਰ ਗ਼ਲਤ ਇਹ ਹੋਇਆ
ਅਕੀਦਾ ਹੈ…
ਪੁਰਾਣਾ ਦੇਸ਼ ਦਾ
ਸਨਮਾਨ ਧਰਮਾਂ ਦਾ
ਕਿਉਂ ਹੈ ਤੋੜਦੀ ਸੱਤਾ…
ਇਹ ਸਾਰਾ ਮਾਣ ਧਰਮਾਂ ਦਾ…?

ਗੁਰੂ ਜੀ ਜਾਣਦੇ ਸਨ
ਪੰਡਿਤਾਂ ਦੀ ਪੀੜ ਗਹਿਰੀ ਨੂੰ
ਤੇ ਭਾਸ਼ਾ ਆਪਣੀ ਵਿੱਚ
ਦੱਸਣਾ ਪੈਣਾ ਸੀ ਕੁੱਝ ਆਖ਼ਰ
ਹਕੂਮਤ ਘੋਰ-ਬਹਿਰੀ ਨੂੰ…
ਗੁਰੂ ਜੀ ਮੁੰਦ ਕੇ ਅੱਖਾਂ
ਤੇ… ਬਚਪਨ ਯਾਦ ਕਰਦੇ ਨੇ…
ਜਵਾਨੀ ਨੂੰ ਧਿਆਉਂਦੇ ਨੇ
ਤੇ ਥੋੜ੍ਹਾ ਮੁਸਕਰਾਉਂਦੇ ਨੇ……
… … … … … … … … …
ਤਿਆਗ ਮੱਲ ਤੇਗ਼ ਵਾਹ ਵਾਹ ਕੇ
ਬਹਾਦੁਰ ਤੇਗ਼ ਦਾ ਬਨਿਆ .
ਬਹਾਦੁਰ ਤੇਗ਼ ਦੇ ਨੂੰ
ਹੁਣ ਜ਼ਰੂਰਤ ਕੁਝ ਤਿਆਗਣ ਦੀ…
ਗੁਰੂ ਨੇ ਫ਼ੈਸਲਾ ਕੀਤਾ… …
ਕਿ
ਭਾਸ਼ਾ ਸੀਸ ਦੇਵਣ ਦੀ
ਸ਼ਾਇਦ ਸਮਰੱਥ ਹੋਵੇਗੀ…
ਗੁਰੂ ਨੇ ਫ਼ੈਸਲਾ ਕੀਤਾ
ਕਿ

ਬੋਲਾਂ ਤਿਆਗ਼ ਦੀ ਭਾਸ਼ਾ...........

..................................

ਭਾਸ਼ਾ ਤਿਆਗ਼ ਦੀ ਨੇ
ਪੰਡਿਤਾਂ ਦੀ ਪੀੜ ਹਰਨੀ ਸੀ-
ਤੇ ਧਰਮਾਂ ਦੀ ਆਜ਼ਾਦੀ ਦਾ
ਅਜਬ ਸੰਦੇਸ਼ ਦੇਣਾ ਸੀ... ...

... ... ... ... ... ... ... ...

ਹਵਾ ਦਾ ਰੁਮਕਣਾ
ਕਲੀਆਂ ਦਾ ਖਿੜਨਾ
ਸਹਿਜ ਹੋਣਾ ਸੀ... ...

... ... ... ... ... ... ...

ਗੁਰੂ ਦਾ ਤੇਜ ਵਿੰਨ੍ਹਣ ਲਈ
ਜਦੋਂ ਤਲਵਾਰ ਲਿਸ਼ਕੀ ਸੀ...
ਚਾਂਦਨੀ ਚੌਕ ਸਾਰੇ ਵਿੱਚ
ਅਜਬ ਲਲਕਾਰ ਲਿਸ਼ਕੀ ਸੀ...

... ... ... ... ... ... ... ...

ਇਸੇ ਲਲਕਾਰ ਦੀ ਜੁੰਬਿਸ਼
ਬਣੀ ਕਾਇਨਾਤ ਦੀ ਕੰਬਣੀ
ਉਧਰ ਤਲਵਾਰ ਦੀ ਲਿਸ਼ਕਣ
ਇਧਰ ਲਲਕਾਰ ਦੀ ਲਿਸ਼ਕਣ...

... ... ... ... ... ... ... ...

ਭਾਸ਼ਾ ਸੀਸ ਦੀ ਏਧਰ
ਉਧਰ ਤਲਵਾਰ ਦੀ ਭਾਸ਼ਾ...

... ... ... ... ... ... ... ...

ਸੁਣੀ ਕਾਇਨਾਤ ਨੇ ਆਖ਼ਿਰ
ਸ਼ਹਾਦਤ-ਸੀਸ ਦੀ ਭਾਸ਼ਾ

... ... ... ... ... ... ... ...

ਧਰਮ-ਸਨਮਾਨ ਦੀ ਭਾਸ਼ਾ...
... ... ... ... ... ... ... ...
ਹਵਾ ਦਾ ਰੁਮਕਣਾ ਭਾਸ਼ਾ
ਤੇ ਖਿੜਨਾ ਫੁੱਲ ਦਾ ਭਾਸ਼ਾ
ਖ਼ੁਸ਼ਬੂ ਵੀ ਤਾਂ ਭਾਸ਼ਾ ਹੈ
ਸੁਨੇਹਾ ਸਹਿਜ ਜੀਵਨ ਦਾ
ਨਾ ਭਾਸ਼ਾ ਧੌਂਸ-ਧਮਕੀ ਹੈ
ਤੇ ਨਾ ਧਿਰਕਾਰ ਹੈ ਭਾਸ਼ਾ
ਮਨੁੱਖਾਂ ਦਾ ਮਨੁੱਖਾਂ ਨਾਲ
ਬਸ ਇਕ ਪਿਆਰ ਹੈ ਭਾਸ਼ਾ
ਸੱਤਾ ਬੋਲਦੀ ਸੀ
ਉਦੋਂ ਵੀ
ਤਲਵਾਰ ਦੀ ਭਾਸ਼ਾ
ਗੁਰੂ ਦੇ ਸੀਸ ਨੇ ਸਿਰਜੀ
ਹੈ ਸੱਚੇ ਪਿਆਰ ਦੀ ਭਾਸ਼ਾ

••

# ਸ਼ਹਾਦਤ ਦੀ ਕਹਾਣੀ

ਜਦੋਂ ਮੈਂ ਪੜ੍ਹਣ ਲਗਦਾ ਹਾਂ, ਸ਼ਹਾਦਤ ਦੀ ਕਹਾਣੀ ਨੂੰ।
ਲਹੂ ਬਣ ਖੌਲਦਾ ਵੇਖਾਂ, ਮੈਂ ਅੱਖਾਂ ਵਿਚ ਪਾਣੀ ਨੂੰ।

ਸਿਆਸਤ ਧੌਂਸ, ਧਮਕੀ ਦੀ, ਜਦੋਂ ਅਸਮਾਨ ਚੜ੍ਹਦੀ ਹੈ,
ਰੁਹਾਨੀ ਹੌਸਲਾ ਰੋਕੇ, ਸਦਾ ਜ਼ੁਲਮੀ-ਮਧਾਣੀ ਨੂੰ।

ਜਲੇ ਕਸ਼ਮੀਰ ਦਾ ਪਿੰਡਾ, ਤਾਂ ਰੂਹ ਪੰਜਾਬ ਦੀ ਤੜਫ਼ੀ,
ਇਹ ਜਜ਼ਬੇ ਦੀ ਕਹਾਣੀ ਹੈ, ਸੁਣੋ, ਸਮਝੋ ਕਹਾਣੀ ਨੂੰ।

ਸੁਨੇਹਾ ਸਿਰਫ਼ ਏਨਾ ਸੀ, ਗੁਰੂ ਦੇ ਸੀਸ ਨੇ ਦਿੱਤਾ,
ਮਨਾਂ 'ਚੋਂ ਕੱਢ ਕੇ ਜ਼ਹਿਰਾਂ, ਭਰੋ ਉਲਫ਼ਤ-ਕਹਾਣੀ ਨੂੰ।

ਹਵਾ ਦੇ ਹੋਠ ਸੁਕ ਜਾਂਦੇ, ਸਿਤਮ ਦੀ ਵਾਰਤਾ ਕਰਦੇ,
ਤੇਰਾ ਤਲਵਾਰ ਨੂੰ ਸਿਜਦਾ, ਮੇਰਾ ਸਿਜਦਾ ਹੈ ਬਾਣੀ ਨੂੰ।

ਫ਼ਰਕ ਨਾ ਜਾਣੀਏ ਆਪਾਂ, ਅਕੀਦੇ, ਰੰਗ, ਰੂਪਾਂ ਦਾ,
ਭਰੋਸਾ ਮਾਨਵੀ ਕਦਰਾਂ 'ਚ ਹੋਵੇ, ਹਰ ਪ੍ਰਾਣੀ ਨੂੰ।

••

# ਕਾਵਿ-ਨਾਟ

## ਵੰਝਲੀ

ਪੰਜਾਬ ਦੇ ਪੇਂਡੂ ਵਿਰਸੇ ਨਾਲ ਸੰਬੰਧਤ ਵੱਖ-ਵੱਖ ਵਸਤਾਂ ਨਾਲ ਸ਼ਿੰਗਾਰੇ ਹੋਏ ਮੰਚ ਉੱਤੇ ਇਕ ਕੋਨੇ ਵਿਚ ਰੌਸ਼ਨੀ ਹੁੰਦੀ ਹੈ।

**ਸੂਤਰਧਾਰ :** ਮੰਚ ਦੇ ਵਿਚਕਾਰ (ਸਪਾਟ ਲਾਈਟ) ਇਕ ਵਿਅਕਤੀ ਲੰਮਾ ਚੋਲਾ ਪਾਈ ਪ੍ਰਵੇਸ਼ ਕਰਦਾ ਹੈ। ਦਰਸ਼ਕਾਂ ਨੂੰ ਸੰਬੋਧਿਤ ਹੁੰਦਾ ਹੋਇਆ ਇਹ ਪੰਜਾਬ ਦਾ ਪ੍ਰਤੀਕ ਵਿਅਕਤੀ ਬਾਹਾਂ ਉਲਾਰ ਕੇ ਗਾ ਰਿਹਾ ਹੈ :-

**ਗੀਤ**

ਇਹ ਧਰਤੀ ਪੰਜ ਦਰਿਆਵਾਂ ਦੀ
ਇਹ ਮਨ ਮਸਤੀ ਦੀ ਲੋਰ
ਇਥੇ ਲੱਖਾਂ ਝੱਖੜ ਝੁੱਲ ਗਏ
ਇਹਨੂੰ ਕੋਈ ਨਾ ਸਕਿਆ ਖ਼ੋਰ

ਕਦੇ ਬਰਫ਼ਾਂ ਪਈਆਂ ਰੱਜ ਕੇ
ਕਦੇ ਠੱਕੇ ਜ਼ੋਰ-ਮ-ਜ਼ੋਰ
ਕਦੇ ਬੱਦਲ ਲਿਸ਼ਕਾਂ ਮਾਰਦੇ
ਕਦੇ ਵਰ੍ਹੀ ਘਟਾ ਘਨਘੋਰ
ਇਹਦੇ ਗੱਭਰੂ ਹੁੱਬ ਹੁੱਬ ਨਚਦੇ
ਜਿਉਂ ਹੋਣ ਕਲਹਿਰੀ ਮੋਰ
ਇਹ ਧਰਤੀ ਪੰਜ ਦਰਿਆਵਾਂ ਦੀ
ਇਹ ਮਨ ਮਸਤੀ ਦੀ ਲੋਰ
ਇਹ ਧਰਤੀ ਪੰਜ ਦਰਿਆਵਾਂ ਦੀ
ਇਹ ਮਨ-ਮਰਜ਼ੀ ਦੀ ਲੋਰ

ਗਿਆ ਮੁੜ ਮੁੜ ਇਹਨੂੰ ਵੰਡਿਆ
ਸਮਿਆਂ ਨੇ ਮੁੜ ਮੁੜ ਡੰਬਿਆ

ਇਹਦੀ ਪਈ ਨਾ ਮੱਠੀ ਤੋਰ
ਇਥੇ ਜਿਹੜਾ ਗੱਭਰੂ ਜੰਮਿਆ
ਨਾ ਗਿਆ ਕਿਸੇ ਤੋਂ ਥੰਮਿਆ
ਇਕ ਐਸਾ ਸੂਰਜ ਚਮਕਦਾ
ਇਹਦੀ ਚਹੁੰ ਕੂਟੀਂ ਲਿਸ਼ਕੋਰ
ਇਹ ਧਰਤੀ ਪੰਜ ਦਰਿਆਵਾਂ ਦੀ
ਇਹ ਮਨ-ਮਰਜ਼ੀ ਦੀ ਲੋਰ
ਇਥੇ ਲੱਖਾਂ ਝੱਖੜ ਝੁੱਲ ਗਏ
ਇਹਨੂੰ ਕੋਈ ਨਾ ਸਕਿਆ ਖੋਰ

ਇਹ ਹਾਲ ਸੁਣਾਵੇ ਆਪਣਾ
ਖੁਦ ਗੀਤ ਬਣਾਵੇ ਆਪਣਾ
ਆਪੇ ਖ਼ੁਦ ਨੂੰ ਸਾਜ਼ ਬਣਾ ਕੇ
ਦੁੱਖੜਾ ਗਾਵੇ ਆਪਣਾ
ਦੁੱਖੜਾ ਗਾਵੇ ਆਪਣਾ
ਦੁੱਖੜਾ ਗਾਵੇ ਆਪਣਾ.....
(ਇਹ ਸਤਰਾਂ ਵਾਰ-ਵਾਰ ਦੁਹਰਾਈਆਂ ਜਾਂਦੀਆਂ ਹਨ।)

ਵੰਝਲੀ ਦੀ ਉਦਾਸ ਧੁਨ ਨਾਲ ਹੱਥ ਵਿਚ ਬਲਦੀ ਮਸ਼ਾਲ ਚੁੱਕੀ ਇਕ ਲੜਕੀ ਪ੍ਰਵੇਸ਼ ਕਰਦੀ ਹੈ। ਪਿਛੋਕੜ ਵਿਚ ਉੱਭਰਦੇ ਬੋਲਾਂ ਦੀਆਂ ਪਹਿਲੀਆਂ ਦੋ ਸਤਰਾਂ ਸਮਾਪਤ ਹੁੰਦਿਆਂ ਹੀ ਸਟੇਜ ਦੇ ਦੂਸਰੇ ਕੋਨੇ ਤੋਂ ਬਲਦੀ ਮਸ਼ਾਲ ਚੁੱਕੀ ਲੜਕੀ ਵਾਲੇ ਅੰਦਾਜ਼ ਵਿਚ ਹੀ ਇਕ ਲੜਕਾ ਪ੍ਰਵੇਸ਼ ਕਰਦਾ ਹੈ। ਦੋਵੇਂ ਦੋਵਾਂ ਪਾਸਿਆਂ ਤੋਂ ਮੰਚ ਦੇ ਵਿਚਕਾਰ ਵੱਲ ਆ ਜਾਂਦੇ ਹਨ ਅਤੇ ਪਿਛੋਕੜ ਵਿਚ ਉੱਭਰਦੇ ਬੋਲਾਂ ਦੇ ਤੀਸਰੇ ਬੰਦ ਤੋਂ ਦੋਵੇਂ ਇਕੱਠੇ ਐਕਸ਼ਨ ਕਰਨਾ ਸ਼ੁਰੂ ਕਰਦੇ ਹਨ—

## ਪਿੱਠ ਭੂਮੀ ਵਿਚ ਉੱਭਰਨ ਵਾਲੇ ਬੋਲ

ਸੁਣੋ ਸੁਣੋ ਮਿੱਟੀ ਦੇ ਜਾਇਓ
ਮਿੱਟੀ ਅਰਜ਼ ਕਰੇ!
(ਲੜਕੀ ਦੀ ਆਵਾਜ਼ ਅਤੇ ਲੜਕੀ ਦਾ ਹੀ ਐਕਸ਼ਨ)
ਸੁਣ ਪੌਣਾਂ ਦੇ ਹੋਠ ਫਰਕਦੇ
ਮਿੱਟੀ ਕੰਨ ਧਰੇ!

(ਲੜਕੇ ਦਾ ਪ੍ਰਵੇਸ਼, ਲੜਕੇ ਦੀ ਹੀ ਆਵਾਜ਼ ਅਤੇ ਐਕਸ਼ਨ)
ਸਾਡੀ ਪੌਣ ਹੀ ਰੁੱਸੀ ਸਾਥੋਂ
ਹੋਵੇ ਪਰ੍ਹੇ ਪਰ੍ਹੇ
(ਦੋਵਾਂ ਦੀ ਆਵਾਜ਼ ਤੇ ਐਕਸ਼ਨ)
ਮੋੜੋ ਨੀ ਕੋਈ ਰੁੱਸੀ ਪੌਣ ਨੂੰ
ਮਿੱਟੀ ਅਰਜ਼ ਕਰੇ !
(ਲੜਕੀ ਦੀ ਆਵਾਜ਼ ਤੇ ਐਕਸ਼ਨ)
ਸੁਣੋ ਸੁਣੋ ਮਿੱਟੀ ਦੇ ਜਾਇਓ
ਮਿੱਟੀ ਅਰਜ਼ ਕਰੇ !
(ਦੋਵਾਂ ਦੀ ਇਕੱਠੀ ਆਵਾਜ਼ ਤੇ ਐਕਸ਼ਨ)

(ਲੜਕੀ ਅਤੇ ਲੜਕੇ ਦੀਆਂ ਦੋ ਆਵਾਜ਼ਾਂ ਵਿਚ ਉੱਭਰਨ ਵਾਲੇ ਇਨ੍ਹਾਂ ਬੋਲਾਂ ਦੇ ਨਾਲ-ਨਾਲ ਮੰਚ ਉੱਪਰ ਐਕਸ਼ਨ ਕਰ ਰਹੇ ਦੋਵੇਂ ਲੜਕਾ ਅਤੇ ਲੜਕੀ ਇਕ ਦੂਸਰੇ ਨੂੰ ਸੰਬੋਧਿਤ ਹੁੰਦੇ ਹੋਏ ਮੰਚ ਦੇ ਅੱਗੇ ਬੈਠੇ ਦਰਸ਼ਕਾਂ ਨੂੰ ਵੀ ਸੰਬੋਧਿਤ ਹਨ। ਨਿਰਦੇਸ਼ਕ ਆਪਣੀ ਮਰਜ਼ੀ ਨਾਲ ਦੋਵਾਂ ਤੋਂ ਐਕਸ਼ਨ ਵੀ ਕਰਵਾ ਸਕਦਾ ਹੈ ਅਤੇ ਦੋਵਾਂ ਦੇ ਹੱਥਾਂ ਵਿਚ ਬਲਦੀਆਂ ਮਸ਼ਾਲਾਂ ਵੀ ਹੋ ਸਕਦੀਆਂ ਹਨ। ਆਖ਼ਰੀ ਬੋਲ ਅਤੇ ਸੰਗੀਤ ਦੀ ਧੁਨ ਫ਼ੇਡ ਆਊਟ ਹੋਣ ਦੇ ਨਾਲ-ਨਾਲ ਇਕ ਦੂਸਰੀ ਉਦਾਸ ਧੁਨ ਉੱਭਰਦੀ ਹੈ।

ਇਸ ਦੇ ਨਾਲ ਹੀ ਮੰਚ ਦੇ ਖੱਬੇ ਪਾਸੇ ਤੋਂ ਇਕ ਹੋਰ ਲੜਕੀ ਨ੍ਰਿਤ ਕਰਦੀ ਹੋਈ ਪ੍ਰਵੇਸ਼ ਕਰਦੀ ਹੈ—ਇਸ ਤੋਂ ਛਿਣ ਪਹਿਲਾਂ ਪਹਿਲੇ ਲੜਕੀ ਲੜਕਾ ਮੰਚ ਦੇ ਸੱਜੇ ਪਾਸੇ ਤੋਂ ਪਰਦੇ ਦੇ ਪਿੱਛੇ ਚਲੇ ਜਾਂਦੇ ਹਨ।)

## ਪਿਛੋਕੜ ਵਿਚ ਉੱਭਰਨ ਵਾਲੇ ਬੋਲ

ਮੈਂ ਵਾਰਸ ਦੀ ਮੋਈ ਵੰਝਲੀ
ਕਿਸ ਨੂੰ ਆਪਣਾ ਦੁੱਖ ਸੁਣਾਵਾਂ

ਚਾਰੇ ਪਾਸੇ ਭਟਕਣ ਭਟਕਣ
ਮੈਨੂੰ ਦੱਸੋ ਕਿਧਰ ਜਾਵਾਂ

ਉੱਜੜੇ ਬੇਲੇ ਵਿਚ ਲਾਵਾਰਸ
ਰੁਕ ਰੁਕ ਰੁਮਕੀ ਜਾਵਾਂ।

ਮੈਂ ਹੋਠਾਂ ਦੀ ਛੋਹ ਨੂੰ ਤਰਸਾਂ

ਰੋਵਾਂ ਤੇ ਕੁਰਲਾਵਾਂ

ਨਾ ਕਿਧਰੇ ਮੱਝੀਆਂ ਦੇ ਛੇੜੂ
ਨਾ ਘਣਘੋਰ ਘਟਾਵਾਂ।

ਨਾ ਕੋਈ ਹੀਰ ਸਲੇਟੀ ਸਾਹਿਬਾਂ
ਨਾ ਹੁਣ ਜੰਡ ਦੀਆਂ ਛਾਵਾਂ।

ਨਾ ਰਾਂਝੇ, ਨਾ ਪੂਰਨ ਜੋਗੀ
ਨਾ ਹੁਣ ਇੱਛਰਾਂ ਮਾਵਾਂ

ਮੈਨੂੰ ਛੋਹ ਕੇ ਲੰਘਦੀਏ ਵਾਏ
ਦਸ ਜਾ ਮੈਨੂੰ
ਮੈਂ ਕਿਧਰ ਨੂੰ ਜਾਵਾਂ
ਹੁਣ ਮੈਂ ਕਿਧਰ ਨੂੰ ਜਾਵਾਂ...

(ਇਨ੍ਹਾਂ ਬੋਲਾਂ ਦੀ ਆਖ਼ਰੀ ਧੁਨ ਵਾਰ ਵਾਰ ਦੁਹਰਾਈ ਜਾਏਗੀ ਅਤੇ ਹੌਲੀ-ਹੌਲੀ ਇਹ ਬੋਲ ਸਿਤਾਰ ਦੀਆਂ ਤਰਬਾਂ ਵਿਚ ਘੁਲ-ਮਿਲ ਜਾਣਗੇ। ਸਿਤਾਰ ਦੀਆਂ ਤਰਬਾਂ ਨਾਲ ਜਿਵੇਂ ਫ਼ਲੈਸ਼ ਬੈਕ ਸ਼ੁਰੂ ਹੋਏਗਾ ਅਤੇ ਰੌਸ਼ਨੀ ਨ੍ਰਿਤ ਕਰਦੀ ਲੜਕੀ ਤੋਂ ਹਟ ਕੇ ਸਟੇਜ ਦੇ ਖੱਬੇ ਕੋਨੇ ਵਲ ਜਾਏਗੀ, ਜਿਥੋਂ ਖ਼ੁਸ਼ ਧੁਨਾਂ ਨਾਲ ਨ੍ਰਿਤ ਕਰਦੀਆਂ ਹੋਈਆਂ ਲੜਕੀਆਂ ਪ੍ਰਵੇਸ਼ ਕਰਨਗੀਆਂ। ਬੋਲਾਂ ਦਾ ਪਹਿਲਾ ਟੱਪਾ ਮੁਕੰਮਲ ਹੁੰਦਿਆਂ ਹੀ ਮੰਚ ਦੇ ਦੂਸਰੇ ਪਾਸੇ ਤੋਂ ਲੜਕੀਆਂ ਦੀ ਦੂਸਰੀ ਟੋਲੀ ਮੰਚ ਉੱਤੇ ਪ੍ਰਵੇਸ਼ ਕਰੇਗੀ ਅਤੇ ਦੋਵੇਂ ਟੋਲੀਆਂ ਮਿਲ ਕੇ ਨ੍ਰਿਤ ਕਰਨਗੀਆਂ। ਬੋਲ ਦੋ ਲੜਕੀਆਂ ਦੀ ਉੱਭਰਵੀਂ ਆਵਾਜ਼ ਵਿਚ ਕੋਰਸ ਵਾਂਗ ਹੋਣਗੇ।)

## ਪਿਛੋਕੜ ਵਿਚ ਉੱਭਰਨ ਵਾਲੇ ਬੋਲ

ਇਸ ਸੁਹਣੀ ਧਰਤੀ ਤੇ
ਮਨਮੋਹਣੀ ਧਰਤੀ ਤੇ
ਕਿਤੇ ਮਹਿਕਾਂ ਰੁਮਕਦੀਆਂ
ਕਿਤੇ ਖ਼ੁਸ਼ੀਆਂ ਥਿਰਕਦੀਆਂ।

(ਰੌਸ਼ਨੀ ਸਟੇਜ ਦੇ ਦੂਸਰੇ ਪਾਸੇ ਵੀ ਪੈਂਦੀ ਹੈ ਤਾਂ ਲੜਕੀਆਂ ਦਾ ਇਕ ਹੋਰ ਟੋਲਾ ਪ੍ਰਵੇਸ਼ ਕਰਦਾ ਹੈ।)

ਪੌਣਾਂ ਦੀ ਪਨਘਟ ਤੋਂ
ਕੋਈ ਬੁੱਲਾ ਛੁੱਟਿਆ ਨੀ

ਕਿਤੇ ਪਿਆਰ ਮੁਹੱਬਤ ਦਾ
ਇਕ ਝਰਨਾ ਫੁੱਟਿਆ ਨੀ

ਸਭ ਪਾਸੇ ਰੰਗਾਂ ਦਾ
ਇਕ ਮੇਲਾ ਲੱਗਿਆ ਨੀ

ਮੇਲੇ ਦੀ ਰੌਣਕ ਨੇ
ਮੇਰੀ ਰੂਹ ਨੂੰ ਠੱਗਿਆ ਨੀ

ਇਕ ਦਰਿਆ ਹਾਸੇ ਦਾ
ਮੇਰੇ ਅੰਦਰ ਵੱਗਿਆ ਨੀ

ਮੈਂ ਹੋਈ ਸ਼ਰਾਬਣ ਜਿਊਂ
ਮੈਨੂੰ ਏਦਾਂ ਲੱਗਿਆ ਨਹੀਂ
(ਹੱਸਣ ਦੀ ਆਵਾਜ਼)

ਕਿਤੇ ਚਿੜੀਆਂ ਚੂਕਦੀਆਂ
ਕੋਈ ਮੋਰ ਕੂਕਿਆ ਨੀ।
(ਮੋਰ ਦੇ ਕੂਕਣ ਦੀ ਆਵਾਜ਼)

ਸੂਰਜ ਦੀਆਂ ਕਿਰਨਾਂ ਨੇ
ਸੰਗਦੀ ਜਿਹੀ ਦਸਤਕ ਦੇ
ਕਾਇਨਾਤ ਜਗਾਈ ਜਾਂ।
(ਚਿੜੀਆਂ ਗੁਟਾਰਾਂ ਤੇ ਹੋਰ ਪੰਛੀਆਂ ਦੀਆਂ ਆਵਾਜ਼ਾਂ ਅਤੇ ਬਲਦਾਂ ਦੀਆਂ ਟੱਲੀਆਂ ਦੀ ਟੁਣਕਾਰ।)

ਸੰਦਲੀ ਜਿਹੇ ਸਾਹਾਂ 'ਚੋਂ
ਰੁੱਤਾਂ ਦੀਆਂ ਰਾਹਾਂ 'ਚੋਂ
ਇਕ ਚਮਕ ਬਲੌਰੀ ਜਿਹੀ
ਅਸਮਾਨੋਂ ਆਈ ਜਾਂ।

(ਬੱਦਲਾਂ ਦੇ ਗਰਜਣ ਦੀ ਆਵਾਜ਼ ਅਤੇ ਰੌਸ਼ਨੀ ਨਾਲ ਅਸਮਾਨ ਵਿਚ ਚਮਕਦੀ ਬਿਜਲੀ ਦਾ ਪ੍ਰਭਾਵ।)
(ਗੀਤ ਦੇ ਬੋਲਾਂ ਵਿਚ ਇਕ ਤੀਸਰੀ ਆਵਾਜ਼।)

ਇਹ ਸੁਹਣੀ ਧਰਤੀ ਨੀ
ਮਨਮੋਹਣੀ ਧਰਤੀ ਨੀ
ਵਰੋਸਾਈ ਗੁਰੂਆਂ ਦੀ
ਰੁਸ਼ਨਾਈ ਰਿਸ਼ੀਆਂ ਦੀ।

ਹਰ ਪਾਸੇ ਹਾਸਾ ਨੀ
ਸਭ ਖੇਡ ਤਮਾਸ਼ਾ ਨੀ।

ਇਹਦੇ ਹਰ ਲੂੰ ਲੂੰ 'ਚੋਂ
ਫੁੱਟਦੀਆਂ ਫੁਹਾਰਾਂ ਨੇ
ਚਿਹਰੇ ਤੇ ਚੰਬਾ ਨੀ
ਮਨ ਵਿਚ ਬਹਾਰਾਂ ਨੇ।

ਇਹ ਹੁਸਨ ਹੁਸੀਨਾਂ ਦਾ
ਕਿਸ ਕਿਸ ਨੂੰ ਦੱਸਾਂ ਨੀ।

ਕਿਸ ਕਿਸ ਨੂੰ ਦੱਸਾਂ ਨੀ
ਮੈਂ ਖਿੜ-ਖਿੜ ਹੱਸਾਂ ਨੀ।
ਹਾ-ਹਾ-ਹਾ-ਹਾ।
(ਹਾਸਾ)

(ਸਾਰੀਆਂ ਕੁੜੀਆਂ ਜ਼ੋਰ ਜ਼ੋਰ ਨਾਲ ਹੱਸਦੀਆਂ ਹਨ। ਹੱਸਦੀਆਂ ਹੱਸਦੀਆਂ ਹੀ ਮੰਚ ਦੇ ਸੱਜੇ ਪਾਸੇ ਥਾਣੀਂ ਪਰਦੇ ਦੇ ਪਿੱਛੇ ਚਲੀਆਂ ਜਾਂਦੀਆਂ ਹਨ। ਉਨ੍ਹਾਂ ਦੇ ਜਾਂਦਿਆਂ

ਜਾਂਦਿਆਂ ਹੀ ਧੁਨ ਤਬਦੀਲ ਹੁੰਦੀ ਹੈ ਅਤੇ ਮਰਦਾਵੀਂ ਆਵਾਜ਼ ਉੱਭਰਦੀ ਹੈ। ਇਸ ਧੁਨ ਦੇ ਨਾਲ ਹੀ ਲੜਕਿਆਂ ਦਾ ਇਕ ਟੋਲਾ ਨਾਚ ਕਰਦਾ ਹੋਇਆ ਪ੍ਰਵੇਸ਼ ਕਰਦਾ ਹੈ।)

## ਪਿਛੋਕੜ ਦੇ ਬੋਲ

ਨੀਲਿਆਂ ਨਿਲੱਤਣਾਂ ਦੀ
ਸਾਵੀਂ ਸਾਵੀਂ ਮਿੱਟੜੀ ਨੂੰ
ਅੰਗ ਅੰਗ ਚੜ੍ਹਿਆ ਖ਼ੁਮਾਰ।

ਖਿੜ ਖਿੜ ਹੱਸਦੇ ਨੇ
ਫੁੱਲਾਂ ਤੇ ਤ੍ਰੇਲ ਮੋਤੀ
ਨਵੀਂ ਨਵੀਂ ਆਈ ਏ ਬਹਾਰ

ਪੈਲੀਆਂ 'ਚ ਪੈਲਾਂ ਪਾਉਂਦੇ
ਕਾਮਿਆਂ ਦੇ ਚਿਹਰਿਆਂ 'ਤੇ
ਗਿੱਠ ਗਿੱਠ ਚੜ੍ਹਿਆ ਜਮਾਲ।

ਭੱਤਾ ਲੈ ਕੇ ਖੇਤਾਂ ਵੱਲ
ਜਾਂਦੀਆਂ ਸੁਆਣੀਆਂ ਤੇ
ਪੈਲੀਆਂ ਦੇ ਰੰਗ ਦਾ ਸ਼ਬਾਬ।

ਤੀਆਂ ਦੇ ਤ੍ਰਿੰਞਣਾਂ 'ਚ
ਨੱਚੀਆਂ ਦੇ ਬੋਲਾਂ ਵਿਚੋਂ
ਝਰ ਝਰ ਝਰਦਾ ਗੁਲਾਲ।

ਪਿੜਾਂ ਵਿਚ ਪੇਲਦੇ ਨੇ
ਡੰਡ ਮੱਤੇ ਗੱਭਰੂ ਜਾਂ
ਮਹਿਕਦੀ ਪਸੀਨੇ ਦੀ ਫੁਹਾਰ।

ਗਿੱਧਿਆਂ ਦਾ ਤਾਲ ਵੀ
ਸ਼ਰਾਬੀ ਹੋ ਹੋ ਲੋਟ ਹੋਵੇ
ਪਾਵੇ ਜਦੋਂ ਭੰਗੜਾ ਧਮਾਲ।

(ਇਸ ਖੇਡ ਦਾ ਦੁਹਰਾਉ ਕੁਝ ਦੇਰ ਲਈ ਹੋਵੇਗਾ ਅਤੇ ਫੇਰ ਕੋਈ ਡੇਢ ਦੋ ਮਿੰਟ ਤਕ ਧਮਾਲ ਪੈਂਦੀ ਰਹੇਗੀ — ਉਪਰੰਤ ਦੂਸਰੀ ਮਰਦਾਵੀਂ ਆਵਾਜ਼ ਵਿਚ ਅਤੇ ਧੁਨ ਵਿਚ ਕੁਝ ਤਬਦੀਲੀ ਸਹਿਤ ਅਗਲੇ ਬੋਲ ਉੱਭਰਦੇ ਹਨ :—)

## ਪਿਛੋਕੜ 'ਚ ਉੱਭਰਨ ਵਾਲੇ ਬੋਲ

ਭੰਗੜੇ ਦੇ ਤਾਲ ਵਿਚ
ਕਾਇਨਾਤ ਨੱਚਦੀ ਏ
ਨੱਚਦਾ ਸੁਨਹਿਰੀ ਇਤਿਹਾਸ—
ਨੱਚਦਾ ਸੁਨਹਿਰੀ ਇਤਿਹਾਸ।

ਚੜ੍ਹਦੀ ਸਵੇਰ ਸਾਡੀ
ਸੋਨਚਿੜੀ ਢੂੰਡਣੇ ਨੂੰ
ਕਿੰਨੇ ਕਿੰਨੇ ਆਏ ਚਿੜੀ ਮਾਰ ਜੀ—
ਕਿੰਨੇ ਕਿੰਨੇ ਆਏ ਚਿੜੀ ਮਾਰ ਜੀ।

ਆ ਗਿਆ ਚੰਗੇਜ਼ ਕਦੇ
ਬਣ ਕੇ ਹਲਾਕੂ ਏਥੇ।
ਭੇਸ ਅਬਦਾਲੀ ਵਾਲਾ ਧਾਰ ਜੀ—
ਭੇਸ ਅਬਦਾਲੀ ਵਾਲਾ ਧਾਰ ਜੀ।

ਉੱਠ ਖੜਾ ਹੋਇਆ
ਇਸ ਧਰਤੀ ਦਾ ਕਣ ਕਣ
ਰੋਕਣੇ ਨੂੰ ਜਾਬਰਾਂ ਦੇ ਵਾਰ ਜੀ—
ਰੋਕਣੇ ਨੂੰ ਜਾਬਰਾਂ ਦੇ ਵਾਰ ਜੀ।

ਅੱਗ ਲੈਣ ਆ ਗਿਆ
ਫ਼ਰੰਗੀ ਇਕ ਦਿਨ ਏਥੇ
ਬਹਿ ਗਿਆ ਬਣਾ ਕੇ ਘਰ ਬਾਰ ਜੀ—
ਬਹਿ ਗਿਆ ਬਣਾ ਕੇ ਘਰ ਬਾਰ ਜੀ।

ਘਰ ਬਾਰ ਵਿਚੋਂ ਕਿਦਾਂ
ਕੱਢਣਾ ਹੈ ਬਾਹਰ ਉਹਨੂੰ
ਹੋਣ ਲੱਗੀ ਸੋਚ ਤੇ ਵਿਚਾਰ ਜੀ—

ਭੈਣੀ ਸਾਹਿਬ ਵਿਚੋਂ
ਕੁਝ ਉੱਠੇ ਸਿਰਲੱਥ ਯੋਧੇ
ਗੋਰੇ ਦਾ ਗਰੂਰ ਕੀਤਾ
ਝੱਟ ਤਾਰ-ਤਾਰ ਜੀ
ਮੋਰਚਾ ਕਿਸਾਨੀ ਜਦੋਂ
ਲਾਇਆ ਬਾਰ ਵਾਲਿਆਂ ਨੇ
ਰੰਗ ਦਿੱਤੇ ਗੋਰੇ ਨੂੰ ਵਿਖਾਲ ਜੀ।
ਦੇਸ ਤੋਂ ਬਦੇਸ ਤੱਕ
ਗਦਰੀ ਗੁਲਾਬ ਮਹਿਕੇ
ਢੀਂਗਰਾ-ਸਰਾਭਾ ਬਣ ਬਣ ਕੇ
..................
..................
ਇਕ ਪਿੱਛੋਂ ਇਕ ਕੁਰਬਾਨੀ
ਸਿਰ ਚੜ੍ਹ ਬੋਲੀ
ਰਹਿ ਗਿਆ
ਫਰੰਗੀ ਵੇਖ
ਦੰਗ ਜੀ—
ਤਲੀ 'ਤੇ ਟਿਕਾ ਕੇ ਸੀਸ
ਹੱਸ ਹੱਸ ਹੋਣ ਅੱਗੇ
ਸੂਰਮੇ ਕਮਾਲ ਤੇ ਨਿਸ਼ੰਗ ਜੀ
ਕਾਲਿਆਂ ਕਾਨੂੰਨਾਂ ਦੇ
ਵਿਰੋਧ ਵਿਚ 'ਵਾਜ ਉੱਠੀ
ਯੋਧਿਆਂ ਵਹੀਰਾਂ ਲਈਆਂ ਘੱਤ ਜੀ—

ਘਚਾ ਘਚ ਭਰ ਗਿਆ
ਬਾਗ ਜਦੋਂ ਜਲ੍ਹਿਆਂ ਦਾ
ਹੋਈ ਅੰਗਰੇਜ਼ਾਂ ਵਾਲੀ ਬੱਸ ਜੀ
ਡਾਇਰ ਉਡਵਾਇਰ ਦੋਵੇਂ

ਹੋਏ ਬਉਰੇ ਏਸ ਤਰ੍ਹਾਂ
ਦੋਵਾਂ ਦੀ ਹੀ
ਮਾਰੀ ਗਈ ਮੱਤ ਜੀ...
ਤਾੜ ਤਾੜ ਚੱਲੀ ਗੋਲੀ
ਦੇਸ਼ ਦੇ ਭਵਿੱਖ ਉੱਤੇ
ਚਾਰੇ ਪਾਸੇ ਪਿਆ ਘੜਮੱਸ ਜੀ
ਚੁੱਪ ਚਾਪ ਸਹਿਣ ਕਿਦਾਂ
ਜ਼ੁਲਮਾਂ ਨੂੰ ਕਰੀਦਾ ਹੈ,
ਦਿੱਤਾ ਅੰਗਰੇਜ਼ ਤਾਈਂ ਦੱਸ ਜੀ

ਭਾਈ ਮਹਾਰਾਜ ਸਿੰਘ ਤੋਂ
ਰਵਾਇਤ ਸ਼ੁਰੂ ਹੋਈ ਜਿਹੜੀ
ਬਣ ਬਣ ਲਹਿਰਾਂ
ਆਈ ਸਾਹਮਣੇ
ਭਗਤ-ਸੁਖਦੇਵ-ਰਾਜਗੁਰੂ
ਜਿਹੇ ਸੂਰਮੇ
ਬਣ ਬਣ ਊਧਮ ਸਿੰਘ
ਬੁੱਕਦੇ............
ਦੇਖ ਕੁਰਬਾਨੀਆਂ ਦੀ
ਝੜੀ ਬੇਸ਼ੁਮਾਰ ਲੱਗੀ
ਸਾਹ ਸੀ ਫਰੰਗੀਆਂ ਦੇ ਸੁੱਕਦੇ

ਗੋਰਾ ਜੋ ਹੰਕਾਰ ਦਾ
ਭਕਾਨਾ ਬਣ ਫੁੱਲਿਆ ਸੀ
ਧਰਤੀ ਦੇ ਪੁੱਤਰਾਂ ਨੇ
ਪਾ ਕੇ ਕਰੰਘੜੀ ਉਹ
ਸੁੱਟਿਆ ਸਮੁੰਦਰਾਂ ਤੋਂ ਪਾਰ ਜੀ—
ਸੁੱਟਿਆ ਸਮੁੰਦਰਾਂ ਤੋਂ ਪਾਰ ਜੀ।

ਜਾਂਦਾ ਜਾਂਦਾ ਫੇਰ ਵੀ
ਘਸੀਟ ਗਿਆ ਪੈਰ ਏਦਾਂ
ਲੀਕ ਗਿਆ ਪਾਣੀਆਂ ਤੇ ਮਾਰ ਜੀ—

ਲੀਕ ਗਿਆ ਪਾਣੀਆਂ ਤੇ ਮਾਰ ਜੀ....

(ਕੁਝ ਦੇਰ ਲਈ ਇਹ ਬੋਲ ਦੁਹਰਾਏ ਜਾਣਗੇ ਅਤੇ ਇਸ ਵਿਚ ਘੁਲ-ਮਿਲ ਜਾਣਗੇ ਮਾਰ-ਧਾੜ ਦੇ ਕੁਝ ਪ੍ਰਭਾਵ। ਇਹ ਆਵਾਜ਼ੀ ਪ੍ਰਭਾਵ ਕੁਝ ਦੇਰ ਬਾਅਦ ਧੀਮੇ ਹੁੰਦੇ ਜਾਣਗੇ ਅਤੇ ਨਾਚ ਕਰਦੇ ਗੱਭਰੂ ਭੱਜਦੇ ਨੱਸਦੇ ਹੋਏ ਮੰਚ ਦੇ ਪਿੱਛੇ ਚਲੇ ਜਾਣਗੇ। ਗੱਭਰੂਆਂ ਦੇ ਜਾਂਦਿਆਂ ਹੀ ਧੁਨ ਬਦਲੇਗੀ ਅਤੇ ਖੱਬੇ ਪਾਸੇ ਤੋਂ ਗੱਭਰੂਆਂ ਦਾ ਇਕ ਹੋਰ ਟੋਲਾ ਨਾਚ ਕਰਦਾ ਹੋਇਆ ਮੰਚ 'ਤੇ ਪ੍ਰਵੇਸ਼ ਕਰੇਗਾ।)

## ਪਿਛੋਕੜ ਵਿਚ ਉੱਭਰਨ ਵਾਲੇ ਬੋਲ

ਵੰਡ ਵੰਡ ਝੰਬ ਝੰਬ
ਅਧਮੋਈ ਕੀਤੀ ਮਿੱਟੀ
ਮਸਾਂ ਮਸਾਂ ਫੁੱਟਣੇ ਪਈ—
ਮਸਾਂ ਮਸਾਂ ਫੁੱਟਣੇ ਪਈ।

ਹੱਸੀਆਂ ਕਪਾਹਾਂ ਮੁੜ
ਖਿੜੀਆਂ ਬਹਾਰਾਂ ਮੁੜ
ਫੇਰ ਹਵਾ ਝੂਮਣੇ ਪਈ—
ਫੇਰ ਹਵਾ ਝੂੰਮਣੇ ਪਈ।

(ਥੋੜ੍ਹੀ ਧੁਨ ਬਦਲ ਕੇ)

ਮੁੜ ਆਈਆਂ ਪੱਤਣਾਂ 'ਤੇ
ਰੌਣਕਾਂ ਦੁਪਹਿਰੀਆਂ—
ਰੌਣਕਾਂ ਦੁਪਹਿਰੀਆਂ।

ਖੇਤਾਂ ਵਿਚ ਝੂਮ ਪਈਆਂ
ਕਣਕਾਂ ਸੁਨਹਿਰੀਆਂ—
ਕਣਕਾਂ ਸੁਨਹਿਰੀਆਂ।

ਫੇਰ ਏਸ ਮਿੱਟੀ ਵਿਚੋਂ
ਮਮਤਾ ਨੇ ਅੱਖ ਪੁੱਟੀ

ਹੁਸਨਾਂ ਦੀ ਤਾਬ ਸਾਹਵੇਂ
ਨਜ਼ਰਾਂ ਨਾ ਠਹਿਰੀਆਂ—
ਨਜ਼ਰਾਂ ਨਾ ਠਹਿਰੀਆਂ

ਹੱਸਦੀਆਂ ਨਜ਼ਰਾਂ ਨੂੰ
ਖਾਧਾ ਕਿਨ੍ਹਾਂ ਨਜ਼ਰਾਂ ਨੇ
ਝੱਲ ਨਾਹੀਂ ਹੋਈਆਂ ਖੌਰੇ
ਕਿਸ ਤੋਂ ਖ਼ੁਮਾਰੀਆਂ—
ਕਿਸ ਤੋਂ ਖ਼ੁਮਾਰੀਆਂ?

ਕਿਹੜੀ ਗੁੱਠੋਂ ਬੈਠ ਖੋਲ੍ਹੀ
ਖ਼ੌਰੇ ਕਿਸ ਹਵਾ ਜ਼ਹਿਰੀ
ਉੱਡ ਪੁੱਡ ਗਈਆਂ ਸਭ
ਹਾਸੇ ਕਿਲਕਾਰੀਆਂ—
ਹਾਸੇ ਕਿਲਕਾਰੀਆਂ।

ਧਰਮਾਂ ਦੀ ਏਕਤਾ
ਨੂੰ ਤਾਰ ਤਾਰ ਕਰਨੇ ਦੀ
ਇਕ ਪਿੱਛੋਂ ਇਕ ਚੱਲੀ ਚਾਲ ਸੀ

(ਸਟੇਜ ਉੱਤੇ ਗੋਲੀਆਂ ਚੱਲਣਗੀਆਂ। ਗੋਲੀਆਂ ਦੀ ਆਵਾਜ਼ ਵਿਚ ਸਟੇਜ ਉੱਤੇ ਕੁਝ ਲਾਸ਼ਾਂ ਵਿਛ ਜਾਣਗੀਆਂ।)

(ਉਦਾਸ ਜਿਹੀ ਧੁਨ ਵਿਚ ਰੋਂਦੇ ਜਿਹੇ ਹਾਸੇ ਹੌਲੀ ਹੌਲੀ ਹੋਰ ਉਦਾਸ ਹੁੰਦੇ ਹੋਏ ਸਾਰੰਗੀ ਦੀ ਉਦਾਸ ਧੁਨ ਵਿਚ ਘੁਲ-ਮਿਲ ਜਾਣਗੇ ਤਾਂ ਨਾਚ ਕਰਦੇ ਪਹਿਲੇ ਅਦਾਕਾਰ ਸੱਜੇ ਪਾਸੇ ਥਾਣੀਂ ਮੰਚ ਦੇ ਪਿੱਛੇ ਜਾਣਗੇ ਅਤੇ ਇਕ ਲੜਕੀ ਮੰਚ ਦੇ ਖੱਬੇ ਪਾਸੇ ਤੋਂ ਪ੍ਰਵੇਸ਼ ਕਰੇਗੀ। ਉਹ ਗੀਤ ਦੇ ਨਾਲ ਨਾਲ ਅਦਾਵਾਂ ਕਰੇਗੀ।)

## ਪਿਛੋਕੜ ਵਿਚ ਗੀਤ ਦੇ ਬੋਲ

ਸੁਬ੍ਹਾ ਸੁਬ੍ਹਾ ਅੱਜ ਚਾਰ ਚੁਫੇਰੇ
ਛਾਈਆਂ ਕਿਉਂ ਪਰਛਾਈਆਂ

ਮੌਸਮ ਦੇ ਪਿੰਡੇ ਤੇ ਲਾਸਾਂ
ਸੋਗ ਦੀਆਂ ਕਿਸ ਪਾਈਆਂ?

ਕਿੰਝ ਉਦਾਸੇ ਮਾਰੂਥਲ ਵਿਚ
ਮੌਤ ਭਟਕਦੀ ਫਿਰਦੀ
ਰੁੱਖਾਂ ਦੇ ਸਿਰ ਝੁਕ ਗਏ ਕਿਸਰਾਂ
ਨਾਹੀਂ ਖ਼ਬਰ ਕਿਸ ਦੀ
ਮੂਰਤ ਵਿਚ ਹੀ ਰੰਗ ਗੁਆਚੇ
ਲੀਕਾਂ ਕੇਸ ਚੁਰਾਈਆਂ—
ਮੌਸਮ ਦੇ ਪਿੰਡੇ 'ਤੇ ਲਾਸਾਂ...
ਸੋਗ ਦੀਆਂ ਕਿਸ ਪਾਈਆਂ...?

ਧੁੱਪ ਜਿਉਂ ਅੱਜ ਉੱਤਰੀ ਉੱਤਰੀ
ਸੂਰਜ ਵੀ ਕੁਮਲਾਇਆ
ਪੌਣ ਜਿਉਂ ਰੁਕ ਰੁਕ ਕੇ ਵਗਦੀ
ਹੁੰਮਸ ਕਿਸਰਾਂ ਛਾਇਆ
ਇਸ ਹੁੰਮਸ ਵਿਚ ਪਲ ਪਲ ਘਿਰਿਆ
ਦਿਸਣ ਕਿਵੇਂ ਪਰਛਾਈਆਂ—
ਮੌਸਮ ਦੇ ਪਿੰਡ ਤੇ ਲਾਸਾਂ...
ਸੋਗ ਦੀਆਂ ਕਿਸ ਪਾਈਆਂ?

ਨਾ ਕੋਈ ਪੰਛੀ ਗੁਟਕੇ ਅੱਜ ਤਾਂ
ਨਾ ਹੀ ਭਰੇ ਉਡਾਰੀ
ਬੱਦਲਾਂ 'ਚੋਂ ਜਿਉਂ ਪਾਣੀ ਸੁੱਕ ਗਏ
ਭੁਰ ਗਈ ਧਰਤੀ ਸਾਰੀ
ਕਣ ਕਣ ਰੇਤਾ ਵਿਚ ਖਲਾਅ ਦੇ
ਭਾਉਂਦੈ ਵਾਂਗ ਸ਼ੁਦਾਈਆਂ—
ਮੌਸਮ ਦੇ ਪਿੰਡੇ ਤੇ ਲਾਸਾਂ...
ਸੋਗ ਦੀਆਂ ਕਿਸ ਪਾਈਆਂ?

ਨਾ ਰਾਹਾਂ ਦੀ ਮਿੱਟੀ ਆਪਣੀ
ਨਾ ਪੈਰਾਂ ਦੀ ਛੋਹ

ਨਾ ਤੱਕਣੀ 'ਚੋਂ ਮਿਲੇ ਮੁਹੱਬਤ
ਨਾ ਬੋਲਾਂ 'ਚੋਂ ਮੋਹ
ਕਿਹੜੀ ਮਾਰ ਹਵਾ ਨੂੰ ਵੱਗੀ
ਕਿਹੜੀ ਵਗ ਗਈ ਰਾਹੀਆਂ—
ਮੌਸਮ ਦੇ ਪਿੰਡੇ ਤੇ ਲਾਸਾਂ...
ਸੋਗ ਦੀਆਂ ਕਿਸ ਪਾਈਆਂ?

ਅੰਬਰ ਦੀ ਚੁੰਨੀ ਤੇ ਚਮਕਣ
ਜ਼ਿੰਦਗੀ ਰੰਗੇ ਤਾਰੇ
ਤਾਰੇ ਤੋੜਨ ਤੁਰਦੇ ਰਾਹੀ
ਪੈਰ ਪੈਰ ਤੇ ਹਾਰੇ
ਜ਼ਿੰਦਗੀ ਦਾ ਸਾਇਆ ਵੀ ਗੁੰਮਿਆ
ਢੂੰਡਾਂ ਕਿਤੋਂ ਗਵਾਹੀਆਂ—
ਮੌਸਮ ਦੇ ਪਿੰਡੇ 'ਤੇ ਲਾਸਾਂ...
ਸੋਗ ਦੀਆਂ ਕਿਸ ਪਾਈਆਂ?

(ਜਿਵੇਂ ਜਿਵੇਂ ਇਹ ਧੁਨ ਧੀਮੀ ਹੁੰਦੀ ਜਾਏਗੀ, ਅਦਾਵਾਂ ਕਰ ਰਹੀ ਲੜਕੀ ਮੰਚ ਦੇ ਵਿਚਕਾਰ ਬੈਠਦੀ ਜਾਏਗੀ ਬਹੁਤ ਹੀ ਉਦਾਸ ਮੁਦਰਾ ਵਿਚ... ਪਰ ਇਹ ਧੁਨ ਇਕ ਜੰਗਜੂ ਧੁਨ ਵਿਚ ਮਿਲ ਹੋਏਗੀ ਅਤੇ ਮੰਚ ਦੇ ਦੋਵਾਂ ਪਾਸਿਆਂ ਤੋਂ ਲੜਕਿਆਂ ਅਤੇ ਲੜਕੀਆਂ ਦੇ ਟੋਲੇ ਪ੍ਰਵੇਸ਼ ਕਰਨਗੇ। ਸਟੇਜ ਉੱਤੇ ਆਉਂਦਿਆਂ ਹੀ ਉਹ ਮੰਚ ਉੱਤੇ ਉਦਾਸ ਬੈਠੀ ਲੜਕੀ ਨੂੰ ਉਠਾ ਕੇ ਆਪਣੇ ਨਾਲ ਨੱਚਣ ਲਈ ਮਜਬੂਰ ਕਰਨਗੇ।)

## ਪਿਛੋਕੜ ਵਿਚ ਗੀਤ ਦੇ ਬੋਲ

ਉੱਠ ਉਜਾਲੇ ਜ਼ਿੰਦਗੀ ਵਾਲੇ
ਇਸ ਮੌਸਮ ਨੂੰ ਉਂਗਲੀ ਲਾ ਕੇ
ਲੈ ਜਾ ਦੂਰ ਦਵਾਲ—
(ਸੰਗੀਤ ਦੀ ਧੁਨ ਇਕ ਦਮ ਤੇਜ਼ ਹੁੰਦੀ ਹੈ ਅਤੇ ਤਰਜ਼ ਬਦਲਦੀ ਹੈ। ਇਸ ਦੇ ਨਾਲ ਹੀ ਲੜਕੇ-ਲੜਕੀਆਂ ਦਾ ਨ੍ਰਿਤ ਤੇਜ਼ ਹੁੰਦਾ ਹੈ...
ਘਰਾਂ ਦਿਆਂ ਨੇਰ੍ਹਿਆਂ 'ਚ
ਕੈਦ ਹੋਈ ਜ਼ਿੰਦਗੀ ਨੂੰ
ਇਕ ਛਿੱਟ ਚਾਨਣੀ ਵਿਖਾਲ—

ਇਕ ਛਿੱਟ ਚਾਨਣੀ ਵਿਖਾਲ।

ਮਨਾਂ ਦੇ ਬਨੇਰਿਆਂ ’ਤੇ
ਸੋਚਾਂ ਦੇ ਸਵੇਰਿਆਂ ’ਤੇ
ਕਿਹਨੇ ਦਿੱਤੀ ਚਿੰਜੜੀ ਬਿਠਾਲ—
ਕਿਹਨੇ ਦਿੱਤੀ ਚਿੰਜੜੀ ਬਿਠਾਲ।

ਮੌਤ ਮਾਈ ਨਚਦੀ ਏ
ਨਾਚ ਅਲਬੇਲਾ ਕੋਈ
ਤੂੰਬਾ ਤੂੰਬਾ ਵਾਲਾਂ ਨੂੰ ਖਿਲਾਰ—
ਤੂੰਬਾ ਤੂੰਬਾ ਵਾਲਾਂ ਨੂੰ ਖਿਲਾਰ.

ਜ਼ਿੰਦਗੀ ਦੇ ਦਰਾਂ ਵਿਚ
ਮੌਤ ਰੂਹਾਂ ਬੈਠੀਆਂ ਨੇ
ਕੌਣ ਅੱਜ ਸਕੇਗਾ ਉਠਾਲ?—
ਕੌਣ ਅੱਜ ਸਕੇਗਾ ਉਠਾਲ?

ਜ਼ਿੰਦਗੀ ਦੇ ਜੇਰੇ ਕੋਲੋਂ
ਮੰਗਦੇ ਜਵਾਬ ਅੱਜ
ਸਿਰਾਂ ਵਿਚ ਵਜਦੇ ਸਵਾਲ—
ਸਿਰਾਂ ਵਿਚ ਵਜਦੇ ਸਵਾਲ।

(ਆਵਾਜ਼ ਅਤੇ ਤਰਜ਼ ਬਦਲ ਕੇ)
ਕੌਣ ਸਾਡੇ ਪਾਣੀਆਂ ’ਚ
ਸ਼ਹਿਦ ਘੋਲੂ ਫੇਰ ਆ ਕੇ
ਕੌਣ ਸਾਡੇ ਬੇਲਿਆਂ ’ਚ
ਖ਼ੁਸ਼ੀਆਂ ਲਿਆਏਗਾ?—
ਖ਼ੁਸ਼ੀਆਂ ਲਿਆਏਗਾ?

ਕੌਣ ਸਾਡੇ ਚਿਹਰਿਆਂ ਤੋਂ
ਲਾਹੇਗਾ ਉਦਾਸੀ ਅੱਜ
ਕੌਣ ਸਾਡੇ ਹੋਠਾਂ ਉੱਤੇ

ਹਾਸੇ ਨੂੰ ਬਿਠਾਏਗਾ?—
ਹਾਸੇ ਨੂੰ ਬਿਠਾਏਗਾ?

ਕੌਣ ਲੱਭੂ ਧਰਤੀ ਦਾ
ਸੁਖ–ਚੈਨ ਗੁੰਮ ਹੋਇਆ
ਕੌਣ ਨੇੜ੍ਹੇ ਘਰਾਂ ਤਾਈਂ
ਫੇਰ ਰੁਸ਼ਨਾਏਗਾ?—
ਫੇਰ ਰੁਸ਼ਨਾਏਗਾ?

ਕੌਣ ਮਾਵਾਂ ਰੌਂਦੀਆਂ ਦੇ
ਹੰਝੂਆਂ ਨੂੰ ਰੋਕ ਲਾਊ
ਕੌਣ ਕੁਰਲਾਉਂਦੀਆਂ ਨੂੰ
ਧੀਰਜ ਬੰਨ੍ਹਾਏਗਾ?—
ਧੀਰਜ ਬੰਨ੍ਹਾਏਗਾ?

ਕੌਣ ਰਾਤਾਂ ਸੁੰਞੀਆਂ 'ਚ
ਵਹਿੰਗੀ ਬਣੂ ਤਾਰਿਆਂ ਦੀ
ਕੌਣ ਸਾਡੇ ਵਿਹੜਿਆਂ 'ਚ
ਚੰਨ ਬਣ ਆਏਗਾ?—
ਕੌਣ ਸਾਡੇ ਵਿਹੜਿਆਂ 'ਚ
ਚੰਨ ਬਣ ਆਏਗਾ?

(ਉੱਚੀ ਧੁਨ ਵਿਚ ਜੰਗਜੂ ਪ੍ਰਭਾਵ ਵਾਲੀ ਧੁਨ ਵਿਚ ਹੀ ਕੋਰਸ ਦਾ ਦੁਹਰਾਉ—ਪਹਿਲੇ ਗੀਤ ਦੇ ਹਰ ਬੰਦ ਦੀਆਂ ਆਖ਼ਰੀ ਸਤਰਾਂ ਇਕ ਵਾਰ ਫੇਰ ਦੁਹਰਾਈਆਂ ਜਾਣਗੀਆਂ:–
ਕੌਣ ਸਾਡੇ ਬੇਲਿਆਂ 'ਚ
ਖ਼ੁਸ਼ੀਆਂ ਲਿਆਏਗਾ?

ਕੌਣ ਸਾਡੇ ਹੋਠਾਂ ਉੱਤੇ
ਹਾਸੇ ਨੂੰ ਬਿਠਾਏਗਾ?

ਕੌਣ ਨੇੜ੍ਹੇ ਘਰਾਂ ਤਾਈਂ
ਫੇਰ ਰੁਸ਼ਨਾਏਗਾ?

ਕੌਣ ਸਾਡੇ ਵਿਹੜਿਆਂ 'ਚ
ਚੰਨ ਬਣ ਆਏਗਾ?

ਕੌਣ ਸਾਡੇ ਵਿਹੜਿਆਂ 'ਚ
ਚੰਨ ਬਣ ਆਏਗਾ?
ਕੌਣ ਸਾਡੇ ਵਿਹੜਿਆਂ 'ਚ
ਚੰਨ ਬਣ ਆਏਗਾ?
—ਉੱਚੀ ਸੁਰ ਵਾਲੇ ਇਸ ਕੋਰਸ ਦੇ, ਉੱਚੀ ਸੁਰ ਵਿਚ ਹੀ ਖ਼ਤਮ ਹੋਣ ਦੇ ਨਾਲ ਹੀ ਸਾਰੇ ਲੜਕੀ ਅਤੇ ਲੜਕੀਆਂ ਉੱਪਰ ਵਲ ਬਾਹਾਂ ਉਲਾਰ ਕੇ ਖੜੇ ਹੋ ਜਾਣਗੇ। ਫੇਰ ਇਕਦਮ ਨੱਚ ਉੱਠਣਗੇ ਅਤੇ ਗਾਉਣਗੇ।
ਚੰਨ ਬਣ ਵੇਹੜਿਆਂ 'ਚ
ਆਉਣ ਵਾਲੇ ਚੰਨ ਸਾਡੇ
ਨਸ਼ਿਆਂ ਦੀ ਨਦੀ ਵਿਚ
ਖਾਣ ਗੋਤੇ ਰਾਤ ਦਿਨ–
..................ਰਾਤ ਦਿਨ
ਚੰਗੇ ਦਿਨ ਆਉਣ ਦੀ ਉਡੀਕ ਵਿਚ
ਬੈਠੀਆਂ ਨੇ ਮਾਵਾਂ
ਕਿਵੇਂ ਸਾਂਭ ਕੇ ਉਦਾਸੀਆਂ

ਲੰਘ ਜਾਵੇ ਨੇਰਿਆਂ ਦਾ
ਕਾਫ਼ਲਾ ਵੀ ਦੂਰ ਕਿਤੇ
ਫੇਰ ਮੁੜ ਚਾਨਣੇ ਦਾ
ਹੜ੍ਹ ਆਊ ਐਤਕਾਂ
ਨਿਕਲਾਂਗੇ ਕਿਦਾਂ
ਮੰਝਧਾਰ ਵਿਚੋਂ
ਸੋਚੀਏ–ਵਿਚਾਰੀਏ
ਸੋਚੀਏ–ਵਿਚਾਰੀਏ
ਕਿੱਦਾਂ ਮਨ ਠਾਰੀਏ—
ਮੰਚ ਦੇ ਖੱਬੇ ਪਾਸਿਓਂ ਇਕ ਲੜਕਾ ਹੱਥ ਵਿਚ ਬਲਦੀ ਮਿਸਾਲ ਲੈ ਕੇ ਆਵੇਗਾ ਤੇ ਜੰਗਜੂ ਧੁਨ ਵਿਚ ਬਾਹਾਂ ਉਲਾਰੇ ਕੇ ਗਾਵੇਗਾ ਅਤੇ ਦੂਸਰੇ ਅਦਾਕਾਰ ਪਹਿਲਾਂ ਤਾਂ ਉਸ ਵਲ ਹੈਰਾਨੀ ਨਾਲ ਵੇਖਣਾ ਸ਼ੁਰੂ ਕਰਨਗੇ ਅਤੇ ਫੇਰ ਉਸ ਦੇ ਨਾਲ ਹੀ ਗਾਉਣਾ ਸ਼ੁਰੂ ਕਰ

ਦੇਣਗੇ—

## ਗੀਤ

ਵਕਤ ਦਾ ਇਹ ਕਾਫ਼ਲਾ–ਰੁੱਕਣਾ ਨਹੀਂ
ਰੁੱਕਣਾ ਨਹੀਂ
ਸਫ਼ਰ ਤਾਂ ਤੁਰਨੋਂ ਬਿਨਾਂ–ਮੁੱਕਣਾ ਨਹੀਂ
ਮੁੱਕਣਾ ਨਹੀਂ

ਸਫ਼ਰ ਦੇ ਪੈਰਾਂ 'ਚ ਝਾਂਜਰ ਹੱਸਦੀ
ਵਕਤ ਦੀ ਰਫ਼ਤਾਰ ਛਣ ਛਣ ਦੱਸਦੀ
ਸਾਡਿਆਂ ਸਾਹਾਂ ਦੀ ਸਰਗਰਮ ਸੁਣ ਲਵੋ
ਇਕ ਨਵਾਂ ਸੁਪਨਾ ਸੁਨਹਿਰੀ ਬੁਣ ਲਵੋ
ਸੁਣ ਲਵੋ ਰੁਕ ਕੇ ਰਤਾ—ਰੁੱਕਣਾ ਨਹੀਂ—
ਵਕਤ ਦਾ ਇਹ ਕਾਫ਼ਲਾ ਰੁੱਕਣਾ ਨਹੀਂ
ਰੁੱਕਣਾ ਨਹੀਂ

ਭਾਵੇਂ ਕਿ ਪੈਰੋ ਪੈਰ ਨੇ ਦੁਸ਼ਵਾਰੀਆਂ
ਹਰ ਘੜੀ ਹਰ ਪਲ ਨੇ ਮਾਰੋ ਮਾਰੀਆਂ
ਵਗਦੀਆਂ ਪੌਣਾਂ ਦੀ ਆਖੇ ਤਾਜ਼ਗੀ
ਲੈ ਲਵੋ ਪਾਣੀ ਤੋਂ ਸੁੱਚੀ ਸਾਦਗੀ
ਸਾਦਗੀ ਦੇ ਸੱਚ ਨੇ ਝੁਕਣਾ ਨਹੀਂ—
ਵਕਤ ਦਾ ਇਹ ਕਾਫ਼ਲਾ ਰੁੱਕਣਾ ਨਹੀਂ
ਰੁੱਕਣਾ ਨਹੀਂ

ਬੋਲ ਸਾਡੇ ਨੇ ਹੁੰਗਾਰਾ ਮੰਗਦੇ
ਪਿਆਰ ਭਰਿਆ ਇਕ ਇਸ਼ਾਰਾ ਮੰਗਦੇ
ਮੰਗਦੇ ਲਹਿਰਾਂ ਦਾ ਇਹ ਸੰਗੀਤ ਨੇ
ਸਾਡੀਆਂ ਰੂਹਾਂ 'ਚ ਹੱਸਦੇ ਗੀਤ ਨੇ
ਆਪਾਂ ਖਿੜ ਖਿੜ ਹੱਸਣਾ—ਰੁੱਸਣਾ ਨਹੀਂ
ਵਕਤ ਦਾ ਇਹ ਕਾਫ਼ਲਾ ਰੁੱਕਣਾ ਨਹੀਂ
ਰੁੱਕਣਾ ਨਹੀਂ

ਸਾਲ ਬਣ ਬਣ ਦਿਨ ਸਦਾ ਹੀ ਆਣਗੇ
ਦਿਨ ਹਮੇਸ਼ਾ ਸਾਲ ਬਣ ਬਣ ਜਾਣਗੇ
ਜ਼ਿੰਦਗੀ ਇਕ ਤੋਰ ਤੁਰਦੀ ਜਾਏਗੀ
ਜਿਸ ਤਰ੍ਹਾਂ ਮੋੜਾਂਗੇ, ਮੁੜਦੀ ਜਾਏਗੀ
ਵਕਤ ਨੇ ਜਦ ਬਦਲਣੈ ਪੁੱਛਣਾ ਨਹੀਂ
ਪੁੱਛਣਾ ਨਹੀਂ
ਵਕਤ ਦਾ ਇਹ ਕਾਫ਼ਲਾ ਰੁੱਕਣਾ ਨਹੀਂ
ਰੁੱਕਣਾ ਨਹੀਂ
ਸਫ਼ਰ ਤਾਂ ਤੁਰਨੋ ਬਿਨਾਂ ਮੁੱਕਣਾ ਨਹੀਂ
ਮੁੱਕਣਾ ਨਹੀਂ

ਗਾਉਂਦੇ ਹੋਏ ਸਾਰੇ, ਅਦਾਕਾਰ ਸਟੇਜ ਤੋਂ ਉੱਤਰ ਕੇ ਦਰਸ਼ਕਾਂ ਵਿਚ ਦੀ ਹੁੰਦੇ ਹੋਏ ਪੰਡਾਲ ਵਿਚੋਂ ਬਾਹਰ ਨਿਕਲ ਜਾਣਗੇ।

**ਸੂਤਰਧਾਰ** - ਮੰਚ ਉੱਪਰ ਕਾਵਿ-ਨਾਟ ਦੇ ਸ਼ੁਰੂ ਵਿਚ ਆਉਣ ਵਾਲਾ ਸੂਤਰਧਾਰ ਫੇਰ ਪ੍ਰਵੇਸ਼ ਕਰਦਾ ਹੈ (ਸਪਾਟ ਲਾਈਟ) ਬਾਹਾਂ ਉਲਾਰ ਕੇ ਗਾਉਂਦਾ ਹੈ :-

## ਗੀਤ

ਵਕਤ ਦੇ ਇਸ ਕਾਫ਼ਲੇ ਨੂੰ
ਵੰਝਲੀ ਦੀ ਸੁਰ ਮਿਲੇ
ਸੁਰ ਮਿਲੇ ਫਿਰ ਪਿਆਰ ਦੀ
ਇਜ਼ਹਾਰ ਦੀ, ਇਕਰਾਰ ਦੀ-
ਫਿਰ ਸੁਰ ਮਿਲੇ

(ਸੂਤਰਧਾਰ ਦੇ ਦੋਹੀਂ ਪਾਸੀਂ ਦੋ ਦੋ ਗੱਭਰੂ ਅਤੇ ਮੁਟਿਆਰਾਂ ਵੱਖ-ਵੱਖ ਧਰਮਾਂ ਦੀਆਂ ਪੌਸ਼ਾਕਾਂ ਪਾ ਕੇ ਨ੍ਰਿਤ ਕਰਦੇ ਅਤੇ ਗਾਉਂਦੇ ਹਨ।)
ਨਕਸ਼ਿਆਂ ਦੀ ਵੰਡ ਨੇ
ਕੋਈ ਰੂਹ ਨਹੀ ਵੰਡੀ ਕਦੇ
ਪਿਆਰ ਦਾ ਮੰਗਿਆ ਸੁਨੇਹਾ
ਵੰਡ ਨਾ ਮੰਗੀ ਕਦੇ...
ਵੰਡ ਨਾ ਮੰਗੀ ਕਦੇ...
.......................
ਪਿਆਰ ਦਾ ਇਹ ਸਿਲਸਿਲਾ

ਏਸੇ ਤਰ੍ਹਾਂ ਬਣਿਆ ਰਹੇ
ਏਸੇ ਤਰ੍ਹਾਂ ਬਣਿਆ ਰਹੇ

ਕੰਨ ਲਾ ਕੇ ਸੁਣ ਜ਼ਰਾ ਤੂੰ
ਪੁਰਖਿਆਂ ਦੀ ਵਾਜ ਨੂੰ
ਪੁਰਖਿਆਂ ਦੀ ਵਾਜ ਨੂੰ...

ਆਪਣੀ ਹੋਣੀ ਸੁਣਾਉਂਦੇ
ਗੀਤ ਨੂੰ, ਤੇ ਸਾਜ਼ ਨੂੰ
ਗੀਤ ਨੂੰ, ਤੇ ਸਾਜ਼ ਨੂੰ...

ਫੇਰ ਤੁਣ ਤੁਣ ਗੂੰਜਦੀ ਹੈ
ਤੂੰਬਿਆਂ ਦੀ ਤਾਰ ਦੀ
ਹਾਂ, ਤੂੰਬਿਆਂ ਦੀ ਤਾਰ ਦੀ...

ਤਪਦੀਆਂ ਪੌਣਾਂ 'ਚ ਵੀ
ਇਹ ਰੂਹ ਹਮੇਸ਼ਾ ਠਾਰਦੀ
ਹਾਂ, ਰੂਹ ਹਮੇਸ਼ਾ ਠਾਰਦੀ...

(ਇਹ ਸਤਰਾਂ ਦੁਹਰਾਈਆਂ ਜਾਣਗੀਆਂ ਪਰ ਦੂਸਰੇ ਪਾਸਿਉਂ ਇਕ ਟੋਲੀ ਸਟੇਜ ਉੱਤੇ ਪ੍ਰਵੇਸ਼ ਕਰੇਗੀ।)

ਬੇਲਿਆਂ 'ਚੋਂ ਵੰਝਲੀ
ਮੁੜ ਮੁੜ ਕੇ ਵਾਜਾਂ ਮਾਰਦੀ
ਸੁਰ ਮਿਲੇ ਫਿਰ ਪਿਆਰ ਦੀ
ਇਕਰਾਰ ਦੀ, ਇਜ਼ਹਾਰ ਦੀ
ਵਕਤ ਦੇ ਇਸ ਕਾਫ਼ਲੇ ਨੂੰ,
ਵੰਝਲੀ ਦੀ ਸੁਰ ਮਿਲੇ
ਵੰਝਲੀ-ਵੰਝਲੀ...
ਮੁੜ ਮੁੜ ਕੇ ਵਾਜਾਂ ਮਾਰਦੀ... ਵੰਝਲੀ ਵੰਝਲੀ...
ਹਾਂ, ਵੰਝਲੀ ਵੰਝਲੀ... ...

ਵੰਝਲੀ ਦੀ ਸੁਰ ਮਿਲੇ...

...........................

ਸੁਰ ਮਿਲੇ ਫਿਰ ਪਿਆਰ ਦੀ

ਇਜ਼ਹਾਰ ਦੀ, ਇਕਰਾਰ ਦੀ

(ਦੂਸਰੇ ਪਾਸੇ ਤੋਂ ਇਕ ਹੋਰ ਟੋਲੀ ਪਰਵੇਸ਼ ਕਰੇਗੀ)

(ਤਰਜ਼ ਬਦਲ ਕੇ ਨਵਾਂ ਗੀਤ)

ਵਕਤ ਦਾ ਇਹ ਕਾਫ਼ਲਾ

ਰੁੱਕਣਾ ਨਹੀਂ...ਰੁਕਣਾ ਨਹੀਂ

ਸਫ਼ਰ ਤਾਂ ਤੁਰਨੋਂ ਬਿਨਾਂ

ਮੁੱਕਣਾ ਨਹੀਂ...ਮੁੱਕਣਾ ਨਹੀਂ

ਵਕਤ ਦਾ ਇਹ ਕਾਫ਼ਲਾ

ਰੁਕਣਾ ਨਹੀਂ, ਰੁਕਣਾ ਨਹੀਂ

(ਹੌਲੀ ਹੌਲੀ ਫੇਰ ਆਊਟ)

.................................

ਪਰਦਾ ਗਿਰਦਾ ਹੈ

.................................

**ਨੋਟ** :-ਇਸ ਕਾਵਿ-ਨਾਟ ਦੇ ਮੰਚਣ ਸਮੇਂ ਨਿਰਦੇਸ਼ਕ ਨੂੰ ਇਸ ਦੇ ਲੇਖਕ ਨਾਲ ਸਲਾਹ-ਮਸ਼ਵਰੇ ਉਪਰੰਤ ਇਸ ਦੇ ਮੂਲ-ਪਾਠ ਵਿਚ ਥੋੜ੍ਹੀ ਬਹੁਤ ਤਬਦੀਲੀ ਕਰਨ ਅਤੇ ਨਿਰਦੇਸ਼ਨ ਦੀਆਂ ਲੋੜਾਂ ਅਨੁਸਾਰ ਅਦਲਾ-ਬਦਲੀ ਦੀ ਪੂਰੀ ਖੁਲ੍ਹ ਹੋਵੇਗੀ। ਪਰ ਇਸ ਦੇ ਕਿਸੇ ਵੀ ਹਿੱਸੇ ਜਾਂ ਪੂਰੇ ਕਾਵਿ-ਨਾਟ ਦੇ ਮੰਚਣ ਸੰਬੰਧੀ, ਇਸ ਦੇ ਲੇਖਕ ਕੋਲੋਂ ਲਿਖਤੀ ਮਨਜ਼ੂਰੀ ਲੈਣੀ ਜ਼ਰੂਰੀ ਹੈ।

••